Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 268 | 10/01/2025 | www.samajweekly.com | samajweekly | @samajweekly | samajweekly

# IAS ਅਤੇ IPS ਦੇ ਬੱਚਿਆਂ ਨੂੰ SC-ST ਰਾਖਵਾਂਕਰਨ ਨਹੀਂ ਮਿਲਣਾ ਚਾਹੀਦਾ, SC ਕੋਲ ਪਹੁੰਚੀ ਪਟੀਸ਼ਨ

## ਦਲਿਤ ਅਤੇ ਆਦਿਵਾਸੀ ਲੋਕਾਂ ਦੇ ਬੱਚੇ ਜਿਨ੍ਹਾਂ ਦੇ ਮਾਪੇ ਆਈਏਐਸ ਜਾਂ ਆਈਪੀਐਸ ਹਨ, ਨੂੰ ਰਾਖਵੇਂਕਰਨ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇਗਾ-ਪਟੀਸ਼ਨ


**ਨਵੀਂ ਦਿੱਲੀ।** ਆਈਏਐਸ ਅਤੇ ਆਈਪੀਐਸ ਅਧਿਕਾਰੀਆਂ ਦੇ ਬੱਚਿਆਂ ਨੂੰ ਐਸਸੀ ਅਤੇ ਐਸਟੀ ਰਿਜ਼ਰਵੇਸ਼ਨ ਦਾ ਲਾਭ ਨਹੀਂ ਮਿਲਣਾ ਚਾਹੀਦਾ। ਅਜਿਹੀ ਮੰਗ ਕਰਨ ਵਾਲੀ ਇਕ ਪਟੀਸ਼ਨ ਵੀਰਵਾਰ ਨੂੰ ਸੁਪਰੀਮ ਕੋਰਟ 'ਚ ਦਾਇਰ ਕੀਤੀ ਗਈ ਸੀ, ਜਿਸ 'ਤੇ ਅਦਾਲਤ ਨੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਬੈਂਚ ਨੇ ਕਿਹਾ ਕਿ ਕਿਸ ਨੂੰ ਰਾਖਵਾਂਕਰਨ ਮਿਲਣਾ ਚਾਹੀਦਾ ਹੈ ਅਤੇ ਕਿਸ ਨੂੰ ਇਸ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਇਹ ਫੈਸਲਾ ਕਰਨਾ ਸੰਸਦ ਦਾ ਕੰਮ ਹੈ। ਅਦਾਲਤ ਇਸ ਸਬੰਧੀ ਕੋਈ ਫੈਸਲਾ ਨਹੀਂ ਲੈ ਸਕਦੀ। ਅਦਾਲਤ ਨੇ ਕਿਹਾ ਕਿ ਇਸ ਸਬੰਧੀ ਕਾਨੂੰਨ ਲਿਆਉਣਾ ਸੰਸਦ ਦਾ ਕੰਮ ਹੈ। ਦਰਅਸਲ ਪਿਛਲੇ ਸਾਲ ਅਗਸਤ 'ਚ ਇਕ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੀ ਬੈਂਚ ਨੇ ਖੁਦ ਇਹ ਰਾਏ ਜ਼ਾਹਰ ਕੀਤੀ ਸੀ ਕਿ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਰਾਖਵੇਂਕਰਨ 'ਚ ਕ੍ਰੀਮੀ ਲੇਅਰ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਇਸ ਤਹਿਤ ਦਲਿਤ ਅਤੇ ਆਦਿਵਾਸੀ ਲੋਕਾਂ ਦੇ ਬੱਚੇ ਜਿਨ੍ਹਾਂ ਦੇ ਮਾਪੇ ਆਈਏਐਸ ਜਾਂ ਆਈਪੀਐਸ ਹਨ, ਨੂੰ ਰਾਖਵੇਂਕਰਨ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇਗਾ। ਉਨ੍ਹਾਂ ਦੀ ਥਾਂ 'ਤੇ ਉਸੇ ਵਰਗ ਦੇ ਉਨ੍ਹਾਂ ਵੰਚਿਤ ਲੋਕਾਂ ਨੂੰ, ਜੋ ਅਜੇ ਤੱਕ ਮੁੱਖ ਧਾਰਾ 'ਚ ਨਹੀਂ ਆ ਸਕੇ, ਨੂੰ ਮੌਕਾ ਮਿਲਣਾ ਚਾਹੀਦਾ ਹੈ। ਜਦੋਂ ਅਦਾਲਤ ਦੀ ਉਸ ਟਿੱਪਣੀ ਨੂੰ ਅਰਜ਼ੀ ਵਿੱਚ ਆਧਾਰ ਵਜੋਂ ਪੇਸ਼ ਕੀਤਾ ਗਿਆ ਤਾਂ ਜੱਜਾਂ ਨੇ ਉਸ ਦਾ ਵੀ ਸਪਸ਼ਟ ਜਵਾਬ ਦਿੱਤਾ। ਜਸਟਿਸ ਬੀਆਰ ਗਵਈ ਨੇ ਕਿਹਾ, 'ਸਾਡੇ ਵੱਲੋਂ ਕੋਈ ਹੁਕਮ ਜਾਰੀ ਨਹੀਂ



ਕੀਤਾ ਗਿਆ। ਅਜਿਹੀ ਰਾਏ ਸੱਤ ਜੱਜਾਂ ਦੀ ਬੈਂਚ ਦੇ ਇਕ ਜੱਜ ਨੇ ਦਿੱਤੀ, ਜਿਸ ਦਾ ਸਮਰਥਨ ਦੋ ਹੋਰ ਜੱਜਾਂ ਨੇ ਕੀਤਾ। ਉਸ ਕੇਸ ਵਿੱਚ ਅਦਾਲਤ ਦਾ ਸਰਬਸੰਮਤੀ ਨਾਲ ਫੈਸਲਾ ਸੀ ਕਿ ਐਸਸੀ ਅਤੇ ਐਸਟੀ ਕੋਟੇ ਦੇ ਅੰਦਰ ਉਪ-ਵਰਗੀਕਰਨ ਹੋਣਾ ਚਾਹੀਦਾ ਹੈ।" ਇਹ ਜਨਹਿੱਤ ਪਟੀਸ਼ਨ ਸੰਤੋਸ਼ ਮਾਲਵੀਆ ਦੀ ਤਰਫੋਂ ਦਾਇਰ ਕੀਤੀ ਗਈ ਸੀ। ਮਾਲਵੀਆ ਨੇ ਕਿਹਾ ਕਿ ਮੱਧ ਪ੍ਰਦੇਸ਼ ਵਿੱਚ ਆਈਏਐਸ ਅਤੇ ਆਈਪੀਐਸ ਅਧਿਕਾਰੀਆਂ ਦੇ ਬੱਚਿਆਂ ਨੂੰ ਐਸਸੀ ਅਤੇ ਐਸਟੀ ਸ਼੍ਰੇਣੀਆਂ ਲਈ ਰਾਖਵਾਂਕਰਨ ਨਹੀਂ ਮਿਲਣਾ ਚਾਹੀਦਾ। ਇਹ ਪਟੀਸ਼ਨ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਸੀ, ਪਰ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪਟੀਸ਼ਨਕਰਤਾ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ। ਦਰਅਸਲ ਹਾਈਕੋਰਟ ਨੇ ਕਿਹਾ ਸੀ ਕਿ ਇਹ ਪਟੀਸ਼ਨ ਸੁਪਰੀਮ ਕੋਰਟ 'ਚ ਹੀ ਜਾਵੇ। ਅਜਿਹਾ ਇਸ ਲਈ ਕਿਉਂਕਿ ਸੁਪਰੀਮ ਕੋਰਟ ਨੇ ਖੁਦ ਆਪਣੇ ਇੱਕ ਫੈਸਲੇ ਵਿੱਚ ਕ੍ਰੀਮੀ ਲੇਅਰ ਦੀ ਗੱਲ ਕੀਤੀ ਸੀ। ਤੁਹਾਨੂੰ ਦੱਸ ਦੇਈਏ ਕਿ ਅਗਸਤ ਵਿੱਚ ਕ੍ਰੀਮੀ ਲੇਅਰ ਦਾ ਸੁਝਾਅ ਦੇਣ ਵਾਲੇ ਬੈਂਚ ਵਿੱਚ ਜਸਟਿਸ ਗਵਈ ਵੀ ਸ਼ਾਮਲ ਸਨ।

## ਆਰਜੀ ਕਰ ਡਾਕਟਰ ਜਬਰ-ਜਨਾਹ ਤੇ ਕਤਲ ਕੇਸ ਵਿਚ ਫੈਸਲਾ 18 ਨੂੰ



**ਕੋਲਕਾਤਾ।** ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਪਿਛਲੇ ਸਾਲ ਟਰੇਨੀ ਡਾਕਟਰ ਨਾਲ ਜਬਰ ਜਨਾਹ ਤੇ ਕਤਲ ਕੇਸ ਵਿਚ ਸਿਆਲਦਾਹ ਕੋਰਟ ਵੱਲੋਂ 18 ਜਨਵਰੀ ਨੂੰ ਫੈਸਲਾ ਸੁਣਾਇਆ ਜਾਵੇਗਾ। ਸੀਬੀਆਈ ਨੇ ਮੁਲਜ਼ਮ ਸੰਜੈ ਰੌਏ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਹੈ। ਕਲਕੱਤਾ ਹਾਈ ਕੋਰਟ ਦੇ ਹੁਕਮਾਂ ਉੱਤੇ ਕੋਲਕਾਤਾ ਪੁਲੀਸ ਨੇ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਸੀ। ਕੇਸ ਦੀ ਸੁਣਵਾਈ ਅੱਜ ਮੁਕੰਮਲ ਹੋਣ ਮਗਰੋਂ ਸਿਆਲਦਾਹ ਕੋਰਟ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਕਿਹਾ ਕਿ ਫੈਸਲਾ 18 ਜਨਵਰੀ ਨੂੰ ਸੁਣਾਇਆ ਜਾਵੇਗਾ। ਚੇਤੇ ਰਹੇ ਕਿ ਪੀੜਤ ਮਹਿਲਾ ਡਾਕਟਰ ਦੀ ਲਾਸ਼ 9 ਅਗਸਤ ਨੂੰ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਦੇ ਸੈਮੀਨਾਰ ਰੂਮ 'ਚੋਂ ਮਿਲੀ ਸੀ। ਕੋਲਕਾਤਾ ਪੁਲੀਸ ਨੇ ਰੌਏ ਨੂੰ ਅਗਲੇ ਦਿਨ ਗ੍ਰਿਫ਼ਤਾਰ ਕੀਤਾ ਸੀ। ਕੈਮਰੇ ਦੀ ਨਿਗਰਾਨੀ 'ਚ ਕੇਸ ਦਾ ਟਰਾਇਲ 12 ਨਵੰਬਰ ਤੋਂ ਸ਼ੁਰੂ ਹੋਇਆ ਸੀ।

## ਕੈਲੀਫੋਰਨੀਆ ਦੇ ਜੰਗਲਾਂ 'ਚ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ ਪੰਜ ਹੋਈ

**ਕੈਲੀਫੋਰਨੀਆ।** ਦੱਖਣੀ ਕੈਲੀਫੋਰਨੀਆ ਵਿੱਚ ਫੈਲੀ ਵਿਨਾਸ਼ਕਾਰੀ ਜੰਗਲੀ ਅੱਗ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਪੰਜ ਹੋ ਗਈ ਹੈ। ਦ ਨਿਊਯਾਰਕ ਟਾਈਮਜ਼ ਨੇ ਇਸ ਸਬੰਧੀ ਰਿਪੋਰਟ ਜਾਰੀ ਕੀਤੀ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਦੀ ਬੁਲਾਰੇ ਨਿਕੋਲ ਨਿਸ਼ੀਦਾ ਨੇ ਬੁੱਧਵਾਰ ਦੁਪਹਿਰ ਨੂੰ ਪੁਸ਼ਟੀ ਕੀਤੀ ਕਿ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਨਿਸ਼ਿਦਾ ਨੇ ਅੱਗੇ ਦੱਸਿਆ ਕਿ ਅੱਗ ਕਾਰਨ 25,000 ਏਕੜ ਤੋਂ ਵੱਧ ਸੜ ਚੁੱਕੀ ਹੈ। poweroutage.us ਦੇ ਅਨੁਸਾਰ ਲਾਸ ਏਂਜਲਸ ਕਾਉਂਟੀ ਵਿੱਚ ਬੁੱਧਵਾਰ ਦੁਪਹਿਰ ਤੱਕ 1.5 ਮਿਲੀਅਨ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਸਨ। ਇਸ ਤੋਂ ਪਹਿਲਾਂ ਮਰਨ ਵਾਲਿਆਂ ਦੀ ਗਿਣਤੀ ਦੋ ਸੀ। ਬੁੱਧਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦੇ ਹੋਏ ਐਲਏ ਕਾਉਂਟੀ ਦੇ ਫਾਇਰ



ਚੀਫ ਐਂਥਨੀ ਮੈਰੋਨ ਨੇ ਕਿਹਾ ਸੀ ਕਿ ਈਟਨ ਅੱਗ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਵੱਡੀ ਗਿਣਤੀ ਵਿੱਚ ਜ਼ਖਮੀ ਹੋਏ ਹਨ। ਕੈਲਫਾਇਰ ਸਟੇਟ ਫਾਇਰ ਏਜੰਸੀ ਦੇ ਅਨੁਸਾਰ 1,000 ਤੋਂ ਵੱਧ ਢਾਂਚੇ ਪਾਲੀਸੇਡਜ਼ ਅੱਗ ਵਿੱਚ ਸੜ ਗਏ ਹਨ, ਜੋ ਇਸਨੂੰ ਲਾਸ ਏਂਜਲਸ ਦੇ ਇਤਿਹਾਸ ਵਿੱਚ ਸਭ ਤੋਂ ਵਿਨਾਸ਼ਕਾਰੀ ਬਣਾਉਂਦੇ ਹਨ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ 100,000 ਤੋਂ ਵੱਧ ਲੋਕ ਲਾਜ਼ਮੀ ਨਿਕਾਸੀ ਦੇ ਆਦੇਸ਼ਾਂ ਦੇ ਅਧੀਨ ਸਨ। ਯੂਐਸ ਦੇ ਰਾਸ਼ਟਰਪਤੀ ਜੋ ਬਿਡੇਨ ਨੇ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ, "ਦੱਖਣੀ ਕੈਲੀਫੋਰਨੀਆ ਦੇ ਜੰਗਲਾਂ ਵਿੱਚ ਲੱਗੀ ਅੱਗ ਨਾਲ ਪ੍ਰਭਾਵਿਤ 100,000 ਤੋਂ ਵੱਧ ਲੋਕਾਂ ਨੂੰ ਕੱਢਣ ਦਾ ਹੁਕਮ ਦਿੱਤਾ ਗਿਆ ਹੈ।

# ਮੇਰੀ ਸ਼ਹਾਦਤ ਹੁੰਦੀ ਹੈ ਤਾਂ ਸਸਕਾਰ ਨਾ ਕਰਨਾ ਅਤੇ ਮੇਰੀ ਮ੍ਰਿਤਕ ਦੇਹ ਇੱਥੇ ਰੱਖ ਕੇ ਹੀ ਧਰਨਾ ਜਾਰੀ ਰੱਖਣਾ- ਡੱਲੇਵਾਲ

**ਖਨੌਰੀ।** ਖਨੌਰੀ ਬਾਰਡਰ ਤੋਂ ਕਿਸਾਨਾਂ ਨੇ ਪ੍ਰੈਸ ਕਾਨਫਰੰਸ ਕੀਤੀ। ਇਸ ਮੌਕੇ ਕਾਕਾ ਕੋਟੜਾ ਨੇ ਕਿਹਾ ਹੈ ਕਿ ਭਲਕੇ 10 ਜਨਵਰੀ ਨੂੰ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਉਨ੍ਹਾਂ ਨੇ ਕਿਹਾ ਹੈ ਕਿ ਸਾਰੇ ਲੋਕਾਂ ਨੂੰ ਸਮਰਥਨ ਦੇਣ ਦੀ ਅਪੀਲ ਕਰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਡੱਲੇਵਾਲ ਦੀ ਸਿਹਤ ਖਰਾਬ ਹੈ ਪਰ ਉਹ ਮਾਨਸਿਕ ਤੌਰ ਪੂਰੇ ਮਜ਼ਬੂਤ ਹਨ। ਉਨ੍ਹਾਂ ਨੇ ਕਿਹਾ ਹੈ ਕਿ ਜਦੋਂ ਤੱਕ ਧਰਨਾ ਜਿੱਤਿਆ ਨਹੀਂ ਜਾਂਦਾ ਉਦੋਂ ਸਾਰੇ ਮਜ਼ਬੂਤ ਰਹਿਣਾ। ਕਾਕਾ ਕੋਟੜਾ ਨੇ ਕਿਹਾ ਹੈ ਕਿ ਡੱਲੇਵਾਲ ਨੇ ਕਿਹਾ ਹੈ ਮੈਂ ਆਪਣੇ ਪਰਿਵਾਰ ਨੂੰ ਕਹਿ ਦਿੱਤਾ ਜੇਕਰ ਮੇਰੀ ਸ਼ਹਾਦਤ ਹੁੰਦੀ ਹੈ ਤਾਂ ਸਸਕਾਰ



ਨਾ ਕਰਨਾ ਅਤੇ ਮੇਰੀ ਮ੍ਰਿਤਕ ਦੇਹ ਇੱਥੇ ਰੱਖ ਕੇ ਹੀ ਧਰਨਾ ਉਦੋਂ ਤੱਕ ਜਾਰੀ ਰੱਖਣਾ ਜਦੋਂ ਤੱਕ ਮੋਰਚਾ ਜਿੱਤਿਆ ਨਹੀਂ ਜਾਂਦਾ। ਉਨ੍ਹਾਂ ਨੇ ਕਿਹਾ ਹੈ ਕਿ ਇਹ ਲੜਾਈ ਇਕੱਲੇ ਡੱਲੇਵਾਲ ਦੀ ਨਹੀਂ ਪੂਰੇ ਦੇਸ਼ ਵਾਸੀਆਂ ਦੀ ਹੈ। ਕਿਸਾਨ ਆਗੂ ਦਾ ਕਹਿਣਾ ਹੈ ਕਿ ਦੇਸ਼ ਦੇ ਵੱਖ-ਵੱਖ ਸੂਬਿਆਵ ਵਿਚੋਂ ਕਿਸਾਨਾਂ ਦੇ ਜਥੇ ਆਉਣਗੇ ਅਤੇ ਮੋਰਚੇ ਦਾ ਹਿੱਸਾ ਬਣਨਗੇ। ਉਨ੍ਹਾਂ ਨੇਕਿਹਾ ਕਿ ਕੇਂਦਰ ਸਰਕਾਰ ਦੇ ਖਿਲਾਫ ਪੁਤਲੇ ਫੂਕੇ ਜਾਣਗੇ। ਉਨ੍ਹਾਂ ਨੇ ਕਿਹਾ ਹੈ ਕਿ ਦੇਸ਼ ਦੇ ਸਾਰੇ ਕਿਸਾਨਾਂ ਜਥੇਬੰਦੀਆ ਅਤੇ ਕਿਰਤੀ ਵਰਗ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਮੋਰਚੇ ਨੂੰ ਮਜ਼ਬੂਤ ਕੀਤਾ ਜਾਵੇ।

## ਛੱਤੀਸਗੜ੍ਹ ’ਚ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਕਾਰ ਇੱਕ ਹੋਰ ਮੁਕਾਬਲਾ, 3 ਨਕਸਲੀ ਢੇਰ

**ਛੱਤੀਸਗੜ੍ਹ।** ਛੱਤੀਸਗੜ੍ਹ ਵਿੱਚ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਕਾਰ ਇੱਕ ਹੋਰ ਮੁਕਾਬਲੇ ਦਾ ਸਮਾਚਾਰ ਮਿਲਿਆ ਹੈ। ਹੁਣ ਤੱਕ, ਬਦਨਾਮ ਨਕਸਲੀ ਹਿੜਮਾ ਦੇ ਗਰੋਹ ਦੇ ਤਿੰਨ ਮੈਂਬਰਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਮਾਰੇ ਗਏ ਨਕਸਲੀਆਂ ਦੀ ਗਿਣਤੀ ਵਧ ਸਕਦੀ ਹੈ ਕਿਉਂਕਿ ਸਰੁੱਖਿਆ ਬਲਾਂ ਅਤੇ ਨਕਸਲੀਆਂ ਵਿਚਕਾਰ ਮੁਕਾਬਲਾ ਅਜੇ ਵੀ ਜਾਰੀ ਹੈ।

ਇਹ ਕਾਰਵਾਈ ਸੁਕਮਾ ਅਤੇ ਬੀਜਾਪੁਰ ਜ਼ਿਲ੍ਹਿਆਂ ਦੇ ਸਰਹੱਦੀ ਖੇਤਰਾਂ ’ਚ ਦੋਵਾਂ ਜ਼ਿਲ੍ਹਿਆਂ ਦੇ ਜ਼ਿਲ੍ਹਾ ਰਿਜ਼ਰਵ ਗਾਰਡ (ਡੀਆਰਜੀ), ਕੋਬਰਾ ਬਟਾਲੀਅਨ, ਸਪੈਸ਼ਲ ਟਾਸਕ ਫੋਰਸ (ਐਸਟੀਐਫ) ਅਤੇ ਸੀਆਰਪੀਐਫ ਜਵਾਨਾਂ ਦੁਆਰਾ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਕੀਤਾ ਗਿਆ। ਜੰਗਲ ਵਿੱਚ ਵੱਡੀ ਗਿਣਤੀ ਵਿੱਚ ਸੁਰੱਖਿਆ ਬਲ ਮੌਜੂਦ ਹਨ।



## SKM ਵੱਲੋਂ 13 ਜਨਵਰੀ ਨੂੰ ਕੌਮੀ ਖੇਤੀ ਮੰਡੀਕਰਨ ਨੀਤੀ ਖਰੜੇ ਦੀਆਂ ਕਾਪੀਆਂ ਸਾੜਨ ਦਾ ਐਲਾਨ

**ਮੋਗਾ:** ਸੰਯੁਕਤ ਕਿਸਾਨ ਮੋਰਚਾ ਵਲੋਂ 13 ਜਨਵਰੀ ਨੂੰ ਤਹਿਸੀਲ ਹੈਡਕੁਆਰਟਰਾਂ ਉੱਤੇ ਕੌਮੀ ਖੇਤੀ ਮੰਡੀਕਰਨ ਨੀਤੀ ਖਰੜੇ ਦੀਆਂ ਕਾਪੀਆਂ ਸਾੜਣ ਅਤੇ ਪਿਛਲੇ ਸਾਲਾਂ ਦੀ ਤਰਜ਼ ਉੱਤੇ 26 ਜਨਵਰੀ ਨੂੰ ਟਰੈਕਟਰ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਐਕਸ਼ਨ ਪ੍ਰੋਗਰਾਮਾਂ ਵਿੱਚ ਕੌਮੀ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਰੱਦ ਕਰਨ, ਸਵਾਮੀਨਾਥਨ ਫਾਰਮੂਲੇ ਤਹਿਤ ਐਮ ਐਸ ਪੀ ਤੇ ਖ੍ਰੀਦ ਦਾ ਗਾਰੰਟੀ ਕਾਨੂੰਨ, ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਦੀ ਮੰਗ ਕਰਨ ਦੇ ਨਾਲ ਨਾਲ ਬਾਰਡਰਾਂ ਤੇ ਸੰਘਰਸ਼ੀਲ ਕਿਸਾਨਾਂ ਦਾ ਸਮਰਥਨ ਕੀਤਾ ਜਾਵੇਗਾ। ਉਪਰੋਕਤ ਐਲਾਨ ਅੱਜ ਮੋਗਾ ਵਿਖੇ ਸੰਯੁਕਤ ਕਿਸਾਨ ਮੋਰਚਾ ਵਲੋਂ ਕੀਤੀ ਗਈ ਮਹਾਂਪੰਚਾਇਤ ਦੌਰਾਨ ਕੀਤੇ ਗਏ। ਵਰਣਨਯੋਗ ਹੈ ਕਿ ਮੋਗਾ ਵਿਖੇ ਸੰਯੁਕਤ ਕਿਸਾਨ ਮੋਰਚਾ ਦੀ ਮਹਾਂਪੰਚਾਇਤ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਵਹੀਰਾਂ ਘੱਤ ਕੇ ਸ਼ਾਮਲ ਹੋਏ ਕਿਸਾਨਾਂ ਕਾਰਨ ਰਿਕਾਰਡ ਤੋੜ ਜਨ ਸੈਲਾਬ ਉਮੜਿਆ। ਮੋਗਾ ਮਹਾਂਪੰਚਾਇਤ ਵਿੱਚ ਜੁੜੇ ਇਕੱਠ ਨੇ ਕੌਮੀ ਖੇਤੀ



ਮੰਡੀਕਰਨ ਨੀਤੀ ਦੇ ਖਰੜੇ ਨੂੰ ਰੱਦ ਕਰਵਾਉਣ, ਸਵਾਮੀਨਾਥਨ ਫਾਰਮੂਲੇ ਤਹਿਤ ਐਮ ਐਸ ਪੀ ਤੇ ਖ੍ਰੀਦ ਦਾ ਗਾਰੰਟੀ ਕਾਨੂੰਨ ਬਣਾਉਣ ਸਮੇਤ ਦਿੱਲੀ ਮੋਰਚੇ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਅਤੇ ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਖਾਤਰ ਕਿਸਾਨ ਲਹਿਰ ਦੇ ਸਾਂਝੇ/ਤਾਲਮੇਲਵੇ ਸੰਘਰਸ਼ ਦੀ ਲੋੜ ਦੇ ਮੱਦੇਨਜ਼ਰ ਏਕਤਾ ਮਤਾ ਪਾਸ ਕੀਤਾ। ਸੰਯੁਕਤ ਕਿਸਾਨ ਮੋਰਚਾ ਦੀ ਛੇ ਮੈਂਬਰੀ ਏਕਤਾ ਕਮੇਟੀ ਭਲਕੇ 10 ਜਨਵਰੀ ਨੂੰ ਖਨੌਰੀ ਅਤੇ ਸ਼ੰਭੂ ਬਾਰਡਰ ਵਿਖੇ ਏਕਤਾ ਦਾ ਇਹ ਮਤਾ ਲੈਕੇ ਜਾਵੇਗੀ। ਜਿਸ ਵਿਚ 15 ਜਨਵਰੀ ਨੂੰ ਪਟਿਆਲਾ ਦੇ ਗੁਰਦੁਆਰਾ ਦੁਖਨਿਵਾਰਨ ਸਾਹਿਬ ਵਿਖੇ ਸਾਂਝੀ ਮੀਟਿੰਗ ਕਰਨ ਦਾ ਸੱਦਾ ਵੀ ਸ਼ਾਮਲ ਹੈ। ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਦਿਨੋਂ ਦਿਨ ਗੰਭੀਰ ਹੋ ਰਹੀ ਹਾਲਤ ਦੇ ਲਈ ਕੇਂਦਰ ਸਰਕਾਰ ਖਾਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਖੇਤੀ ਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਸਿੱਧੇ ਤੌਰ ਤੇ ਜ਼ਿੰਮੇਵਾਰ ਦੱਸਦਿਆਂ ਸੰਯੁਕਤ ਕਿਸਾਨ ਮੋਰਚਾ ਨੇ ਜ਼ੋਰਦਾਰ ਮੰਗ ਕੀਤੀ ਕਿ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ ਤੁਰੰਤ ਸੰਘਰਸ਼ੀਲ ਜੱਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕਰੇ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਕੇਂਦਰ ਸਰਕਾਰ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਕਿ ਜੇਕਰ ਜਗਜੀਤ ਸਿੰਘ ਡੱਲੇਵਾਲ ਦਾ ਕੋਈ ਨੁਕ-ਸਾਨ ਹੋਇਆ ਤਾਂ ਮੋਰਚਾ ਸਖਤ ਕਦਮ ਚੁੱਕਣ ਤੋਂ ਪਿੱਛੇ ਨਹੀ ਹਟੇਗਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਪਿੰਡ ਕਲਸੀਆ ਦੇ ਖੇਤਾਂ ਵਿੱਚੋਂ ਪਾਕਿਸਤਾਨੀ ਡਰੋਨ ਬਰਾਮਦ, ਪੁਲਿਸ ਨੇ ਕੀਤਾ ਮਾਮਲਾ ਦਰਜ

**ਭਿਖੀਵਿੰਡ:** ਪਾਕਿਸਤਾਨ ਆਪਣੀਆਂ ਨਾਪਾਕ ਗਤੀਵਿਧੀਆਂ ਨੂੰ ਰੋਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਿਹਾ ਹੈ। ਹਾਲਾਂਕਿ, ਭਾਰਤੀ ਸਰਹੱਦ 'ਤੇ ਕਈ ਵਾਰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਨਾਲ ਭਰੇ ਪਾਕਿਸਤਾਨੀ ਡਰੋਨ ਬਰਾਮਦ ਕੀਤੇ ਗਏ ਹਨ। ਪਾਕਿਸਤਾਨ ਦੀ ਖੁਫੀਆ ਏਜੰਸੀ ਡਰੋਨ ਦੀ ਵਰਤੋਂ ਕਰਕੇ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਜਾਰੀ ਰੱਖਦੀ ਹੈ। ਇਸ ਕਾਰਨ, ਪੁਲਿਸ ਅਤੇ ਬੀਐਸਐਫ ਨੇ ਇੱਕ ਸਰਚ ਆਪ੍ਰੇਸ਼ਨ ਦੌਰਾਨ ਸਰਹੱਦੀ ਪਿੰਡ ਕਲਸੀਆ ਦੇ ਖੇਤਾਂ ਤੋਂ ਚੀਨ ਵਿੱਚ ਬਣਿਆ ਇੱਕ ਡੀਜੀਆਈ ਏਅਰ 3ਐਸ ਪੀਏਕੇ ਡਰੋਨ ਬਰਾਮਦ ਕੀਤਾ। ਇਸ ਮਾਮਲੇ ਵਿੱਚ ਜਾਣਕਾਰੀ ਦਿੰਦੇ ਹੋਏ ਸਬ ਡਿਵੀਜ਼ਨ ਭਿੱਖੀਵਿੰਡ ਦੇ ਡੀਐਸਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਗੁਪਤ ਸੂਚਨਾ ਦੇ ਆਧਾਰ 'ਤੇ ਖਾਲੜਾ ਪੁਲਿਸ ਅਤੇ ਬੀਐਸਐਫ ਨੇ ਸਰਹੱਦੀ ਪਿੰਡ ਕਲਸੀਆ ਦੇ ਖੇਤਾਂ ਵਿੱਚ ਚਲਾਈ ਗਈ ਤਲਾਸ਼ੀ ਮੁਹਿੰਮ ਦੌਰਾਨ ਇੱਕ ਚੀਨੀ ਬਣਿਆ ਡਰੋਨ ਬਰਾਮਦ ਕੀਤਾ। ਡੀਐਸਪੀ ਨੇ ਕਿਹਾ ਕਿ ਸੈਨਿਕ ਸਰਹੱਦ ਦੀ ਚੌਕਸੀ ਨਾਲ ਰਾਖੀ ਕਰ ਰਹੇ ਹਨ ਅਤੇ ਦੁਸ਼ਮਣ ਦੀ ਹਰ ਯੋਜਨਾ ਨੂੰ ਨਾਕਾਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਖਾਲਦਾ ਪੁਲਿਸ ਨੇ ਡਰੋਨ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਏਅਰਕ੍ਰਾਫਟ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਤਕਨੀਕੀ ਸਬੂਤਾਂ ਰਾਹੀਂ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ਪੁਲਿਸ ਵੱਲੋਂ ਦੁਬਈ ਤੋਂ ਚਲਾਏ ਜਾ ਰਹੇ ਪਾਕਿਸਤਾਨ ਅਧਾਰਤ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼

**ਅੰਮ੍ਰਿਤਸਰ।** ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਦੁਬਈ ਅਧਾਰਤ ਭਗੌੜੇ ਤਸਕਰ ਮਨਜੋਤ ਸਿੰਘ ਉਰਫ਼ ਮੰਨੂ ਵੱਲੋਂ ਚਲਾਏ ਜਾ ਰਹੇ ਅਤੇ ਪਾਕਿ- ਸਤਾਨ ਤੋਂ ਹਮਾਇਤ ਪ੍ਰਾਪਤ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਹਨਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਕਾਕਾ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਦੇ ਪਿੰਡ ਹਵੇਲੀਆਂ ਦਾ ਰਹਿਣ ਵਾਲਾ ਹੈ ਅਤੇ ਇਸ ਵੇਲੇ ਅੰਮ੍ਰਿਤਸਰ ਦਿਹਾਤੀ ਦੇ ਪਿੰਡ ਸੈਦਪੁਰ ਵਿਖੇ ਰਹਿ ਰਿਹਾ ਹੈ। ਪੁਲਿਸ ਟੀਮਾਂ ਨੇ ਉਸ ਦੇ ਕਬਜ਼ੇ ‘ਚੋਂ ਤਿੰਨ ਆਧੁਨਿਕ ਪਿਸਤੌਲ, ਜਿਨ੍ਹਾਂ ਵਿੱਚ 9 ਐਮਐਮ ਦੇ ਦੋ ਗਲੌਕ ਅਤੇ ਇੱਕ .30 ਬੋਰ ਚੀਨੀ ਪਿਸਤੌਲ ਸ਼ਾਮਲ ਹੈ, ਸਮੇਤ 4 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਉਸਦੇ ਗ੍ਰੇਅ ਰੰਗ ਦੀ ਹੌਂਡਾ ਐਕਟਿਵਾ ਸ ਕ ਟ ਰ (ਪੀ.ਬੀ.02ਈਁ.ਐਫ.2599), ਜਿਸ 'ਤੇ ਉਹ ਜਾ ਰਿਹਾ ਸੀ, ਨੂੰ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਇਹ ਭਰੋਸੇਯੋਗ ਜਾਣਕਾਰੀ ਮਿਲਣ ਕਿ ਇੱਕ ਵਿਦੇਸ਼ੀ ਮੂਲ ਦਾ ਭਾਰਤੀ ਵਿਅਕਤੀ ਮਨਜੋਤ ਸਿੰਘ ਉਰਫ਼ ਮੰਨੂ ਆਪਣੇ ਭਾਰਤ ਸਥਿਤ ਸਾਥੀਆਂ ਦੀ ਮਦਦ ਨਾਲ ਪਾਕਿਸਤਾਨ ਰਾਹੀਂ



ਹਥਿਆਰਾਂ ਦੀ ਤਸਕਰੀ ਦਾ ਰੈਕੇਟ ਚਲਾ ਰਿਹਾ ਹੈ, ਸੀਆਈ ਅੰਮ੍ਰਿਤਸਰ ਦੀ ਟੀਮ ਨੇ ਕਾਰਵਾਈ ਸ਼ੁਰੂ ਕੀਤੀ ਅਤੇ ਦੋਸ਼ੀ ਗੁਰਪ੍ਰੀਤ ਸਿੰਘ ਨੂੰ ਪਿੰਡ ਰਾਮ ਤੀਰਥ ਤੋਂ ਪਿੰਡ ਖੁਰਮਣੀਆਂ ਅੰਮ੍ਰਿਤਸਰ ਨੂੰ ਜਾਂਦੀ ਲਿੰਕ ਰੋਡ 'ਤੇ ਵਿਖੇ ਵਿਸ਼ੇਸ਼ ਨਾਕਾ ਲਗਾ ਕੇ ਉਸ ਸਮੇਂ ਗ੍ਰਿਫਤਾਰ ਕਰ ਲਿਆ, ਜਦੋਂ ਉਹ ਹਥਿਆਰਾਂ ਦੀ ਖੇਪ ਪਹੁੰਚਾਉਣ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮਨਜੋਤ ਸਿੰਘ ਇਸ ਨੈੱਟਵਰਕ ਦਾ ਮੁੱਖ ਸਰਗਨਾ ਹੈ ਜੋ ਪਾਕਿਸਤਾਨ ਅਧਾਰਤ ਤਸਕਰਾਂ ਨਾਲ ਸੰਪਰਕ ਕਰਨ ਲਈ ਐਨਕ੍ਰਿਪਟਡ ਐਪਸ ਦੀ ਵਰਤੋਂ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਸਰਹੱਦ ਪਾਰੋਂ ਡਰੋਨ ਦੀ ਵਰਤੋਂ ਕਰਕੇ ਸੁੱਟੇ ਗਏ ਹਥਿਆਰਾਂ ਦੀ ਖੇਪ ਨੂੰ ਪ੍ਰਾਪਤ ਕਰਕੇ ਮੁਲਜ਼ਮ ਮਨਜੋਤ ਦੇ ਨਿਰਦੇਸ਼ਾਂ 'ਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਗੈਂਗਸਟਰਾਂ ਨੂੰ ਸਪਲਾਈ ਕਰਦਾ ਸੀ। ਜ਼ਿਕਰਯੋਗ ਹੈ ਕਿ ਦੋਸ਼ੀ ਮਨਜੋਤ 2022 ਵਿੱਚ ਤਰਨ- ਤਾਰਨ ਦੇ ਪੁਲਿਸ ਸਟੇਸ਼ਨ ਸਰਾਏ ਅਮਾਨਤ ਖਾਨ ਵਿਖੇ ਦਰਜ ਕੀਤੇ ਗਏ ਐਨਡੀਪੀਐਸ ਮਾਮਲੇ ਵਿੱਚ ਪੰਜਾਬ ਪੁਲਿਸ ਨੂੰ ਲੋੜੀਂਦਾ ਹੈ। ਇਸ ਤੋਂ ਇਲਾਵਾ ਗ੍ਰਿਫਤਾਰ ਦੋਸ਼ੀ ਗੁਰਪ੍ਰੀਤ ਸਿੰਘ ਵੀ ਪੁਲਿਸ ਸਟੇਸ਼ਨ ਸਰਾਏ ਅਮਾਨਤ ਖਾਨ ਵਿਖੇ ਐਨਡੀਪੀਐਸ ਐਕਟ ਤਹਿਤ ਅਪਰਾਧਿਕ ਮਾਮਲੇ ਦਾ ਸਾਹ- ਮਣਾ ਕਰ ਰਿਹਾ ਹੈ। ਡੀਜੀਪੀ ਨੇ ਕਿਹਾ ਕਿ ਪੁਲਿਸ ਟੀਮਾਂ ਨੇ ਉਸਦੇ ਸਾਥੀ ਦੀ ਵੀ ਪਛਾਣ ਕਰ ਲਈ ਹੈ ਅਤੇ ਉਸਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਜ਼ਿਕਰਯੋਗ ਹੈ ਕਿ ਇਸ ਸਬੰਧੀ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ 25(1) (ਏ) ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਐਕਟ ਦੀ ਧਾਰਾ 61(2) ਤਹਿਤ ਐਫਆਈਆਰ ਨੰਬਰ 1 ਮਿਤੀ 08.01.2025 ਦਰਜ ਕੀਤੀ ਗਈ ਹੈ।

## ਪੰਜਾਬ ਦਾ ਜਵਾਨ ਅਸਾਮ 'ਚ ਸ਼ਹੀਦ, ਪਰਵਾਰ ਦਾ ਰੋ-ਰੋ ਬੁਰਾ ਹਾਲ

**ਗੁਰਦਾਸਪੁਰ।** ਜ਼ਿਲ੍ਹਾ ਗੁਰਦ- ਾਸਪੁਰ ਦੇ ਪਿੰਡ ਦੀਵਾਨੀ ਵੱਲ ਕਲਾਂ ਦਾ ਰਹਿਣ ਵਾਲਾ ਕਰਮਵੀਰ ਸਿੰਘ ਅਸਾਮ ਵਿਚ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਹੈ। ਇਹ ਨੌਜਵਾਨ ਪਿਛਲੇ 16 ਸਾਲ ਤੋਂ 97 ਰੋਡ ਕੁਨੈਕਸ਼ਨ ਕੰਪਨੀ ਵਿਚ ਕੰਮ ਕਰਦਾ ਸੀ। ਇਹ ਮਹਿਕਮਾ ਜਲ ਸੈਨਾ, ਥਲ ਸੈਨਾ ਅਤੇ ਵਾਯੂ ਸੈਨਾ 'ਚ ਆਉਂਦਾ ਹੈ, ਜੋ ਸੜਕਾਂ ਬਣਾਉਣ, ਪੁਲ ਬਣਾਉਣ, ਸੁਰੰਗਾਂ ਬਣਾਉਣ ਤੇ ਏਅਰਪੋਰਟ ਬਣਾਉਣ ਦਾ ਵੀ ਕੰਮ ਕਰਦਾ ਹੈ। ਕਰਮਵੀਰ ਸਿੰਘ ਅਪਣੇ ਪਿੱਛੇ ਅਪਣੀ ਮਾਤਾ- ਪਿਤਾ, ਪਤਨੀ ਤੇ ਇਕ 14 ਸਾਲ ਦਾ ਬੱਚਾ ਛੱਡ ਗਿਆ ਹੈ। ਜਦੋਂ ਕਰਮਵੀਰ ਸਿੰਘ ਦੀ ਮੌਤ ਦਾ ਸੁਨੇਹਾ ਪਰਵਾਰ ਨੂੰ ਮਿਲਿਆ ਤਾਂ ਪੂਰੇ ਪਰਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ ਅਤੇ ਪਿੰਡ ’ਚ ਸੋਗ ਦੀ ਲਹਿਰ ਹੈ। ਕਰਮਵੀਰ ਸਿੰਘ ਦੇ ਭਰਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਬੀਤੇ ਦਿਨ ਫ਼ੋਨ ਆਇਆ ਸੀ ਕਿ ਉਨ੍ਹਾਂ ਦੇ ਭਰਾ ਦਾ ਕਰੇਨ ਚਲਾਉਂਦੇ ਹੋਏ ਐਕਸੀਡੈਂਟ ਹੋ ਗਿਆ ਹੈ ਅਤੇ ਕੁੱਝ ਦੇਰ ਬਾਅਦ ਉਨ੍ਹਾਂ ਨੂੰ ਫਿਰ ਫ਼ੋਨ ਆਇਆ ਕਿ ਕਰਮਵੀਰ ਸ਼ਹੀਦ ਹੋ ਗਿਆ ਹੈ, ਜਿਸ ਦੀ



ਮ੍ਰਿਤਕ ਦੇਹ ਛੇਤੀ ਦੀ ਪਿੰਡ ਪਹੁੰਚਾਈ ਜਾਵੇਗੀ। ਇਸੇ ਮਹਿਕਮੇ 'ਚੋਂ ਸੇਵਾਮੁਕਤ ਹੋ ਕੇ ਆਏ ਇਕ ਪਿੰਡ ਵਾਸੀ ਅਤੇ ਮ੍ਰਿਤਕ ਦੇ ਰਿਸ਼ਤੇਦਾਰ ਜਗਤਾਰ ਸਿੰਘ ਨੇ ਕਿਹਾ ਕਿ ਇਹ ਮਹਿਕਮਾ ਕੇਂਦਰ ਦੀ ਸਰਕਾਰ ਦੇ ਅੰਦਰ ਆਉਂਦਾ ਹੈ ਤੇ ਸੈਨਾ ਦੇ ਨਾਲ ਹੀ ਇਸ ਦਾ ਸਾਰਾ ਕੰਮ ਹੈ। ਸੈਨਾ ਦੇ ਜਿੰਨੇ ਵੀ ਕੰਮ ਹੁੰਦੇ ਨੇ ਉਹ ਇਹ ਮਹਿਕਮਾ ਹੀ ਕਰਦਾ ਹੈ ਤੇ ਸਾਰੀਆਂ ਸਹੂਲਤਾਂ ਸੈਨਾ ਵਾਲੀਆਂ ਹੀ ਮਿਲਦੀਆਂ ਹੈ। ਉਨ੍ਹਾਂ ਕਿਹਾ ਸਾਨੂੰ ਮਾਣ ਹੈ ਕਿ ਸਾਡੇ ਪਿੰਡ ਦਾ ਨੌਜਵਾਨ ਸ਼ਹੀਦ ਹੋਇਆ ਹੈ ਪਰ ਦੁਖ ਇਹ ਹੈ ਕਿ ਉਹ ਅਪਣੇ ਪਿਛੇ ਇਕ 14 ਸਾਲ ਦਾ ਬੱਚਾ, ਪਤਨੀ ਅਤੇ ਬਜ਼ੁਰਗ ਮਾਪਿਆਂ ਨੂੰ ਛੱਡ ਗਿਆ ਹੈ।


SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਭਾਰਤੀ ਕਿਸਾਨ ਯੂਨੀਅਨ ਦੁਆਬਾ ਅੱਜ ਫੂਕੇਗੀ ਮਹਿਤਪੁਰ ਵਿਖੇ ਸੈਂਟਰ ਸਰਕਾਰ ਦਾ ਪੁਤਲਾ

**ਮਹਿਤਪੁਰ, (ਪੱਤਰ ਪ੍ਰੇਰਕ)-** ਭਾਰਤੀ ਕਿਸਾਨ ਯੂਨੀਅਨ ਦੁਆਬਾ ਦੀ ਹੰਗਾਮੀ ਮੀਟਿੰਗ ਯੂਨੀਅਨ ਦੇ ਦਫਤਰ ਪਰਜੀਆ ਰੋਡ ਮਹਿਤਪੁਰ ਵਿਖੇ ਹੋਈ। ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਆਗੂ ਕਸ਼ਮੀਰ ਸਿੰਘ ਪੰਨੂ ਨੇ ਕਿਹਾ ਕਿ ਭਾਰਤ ਦੀ ਸੈਂਟਰ ਸਰਕਾਰ ਵੱਲੋਂ ਕਿਸਾਨੀ ਮੰਗਾਂ ਨੂੰ ਨਾ ਮੰਨ ਕੇ ਕਿਸਾਨ ਵਿਰੋਧੀ ਹੋਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਕਿਸਾਨਾਂ ਤੇ ਕਾਲੇ ਕਾਨੂੰਨ ਲਾਗੂ ਕਰਨ ਲਈ ਤਰਲੋ ਮੱਛੀ ਹੋ ਰਹੀ ਹੈ। ਪੰਨੂ ਨੇ ਕਿਹਾ ਕਿ ਇਕ ਪਾਸੇ ਕਿਸਾਨਾਂ ਨੂੰ ਲੁਟਿਆ ਕੁਟਿਆ ਘਸੁਟਿਆ ਜਾ ਰਿਹਾ ਹੈ। ਤੇ ਦੂਜੇ ਪਾਸੇ ਕਿਸਾਨ ਹਿਤੈਸ਼ੀ




ਹੋਣ ਦਾ ਪਖੰਡ ਕੀਤਾ ਜਾ ਰਿਹਾ ਹੈ। ਸੈਂਟਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦਾ ਸਿੱਟਾ ਹੈ ਕਿ ਸਰਕਾਰ ਮੰਡੀ ਬੋਰਡ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ। ਐਮ ਐਸ ਪੀ ਦੇਣ ਤੋਂ ਭਗੌੜਾ ਹੋ ਰਹੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਦੀ ਮੌਤ ਨੂੰ ਮਜ਼ਾਕ ਬਣਾਇਆ ਜਾ ਰਿਹਾ ਹੈ। ਇਸ ਸਰਕਾਰ ਲਈ ਕਿਸਾਨਾਂ ਦੀ ਮੌਤ ਕੋਈ ਮਾਇਨੇ ਨਹੀਂ ਰੱਖਦੀ । ਗੂੰਗੀ ਬੋਲੀ ਸਰਕਾਰ ਦੇ ਕੰਨਾਂ ਤੱਕ ਕਿਸਾਨੀ ਸੰਘਰਸ਼ ਦੀ ਅਵਾਜ਼ ਪਹੁਚਾਉਣ ਲਈ ਅੱਜ ਭਾਰਤੀ ਕਿਸਾਨ ਯੂਨੀਅਨ ਦੁਆਬਾ ਵੱਲੋਂ ਆਪਣੇ ਹੱਕਾਂ ਦੀ ਅਵਾਜ਼ ਬੁਲੰਦ ਕਰਦਿਆਂ ਮਹਿਤਪੁਰ ਚੌਂਕ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਜਾਵੇਗਾ। ਕਿਸਾਨ ਆਗੂ ਵੱਲੋਂ ਵੱਧ ਤੋਂ ਵੱਧ ਗਿਣਤੀ ਵਿਚ ਕਿਸਾਨਾਂ ਨੂੰ ਨੂੰ ਪਹੁਚਾਉਣ ਦੀ ਅਪੀਲ ਕੀਤੀ।

# ਪੰਜਾਬ ਸਰਕਾਰ ਇਹ ਵੀ ਨਹੀਂ ਦੱਸ ਰਹੀ ਕਿ ਹੁਣ ਅੰਮ੍ਰਿਤਪਾਲ ਸਿੰਘ ਉਤੇ ਕਿਸ ਸਬੂਤ ਉੱਤੇ ਕੇਸ ਦਰਜ ਕੀਤਾ- ਐਡਵੋਕੇਟ ਖਾਰਾ

**ਬਲਬੀਰ ਸਿੰਘ ਬੱਬੀ**


ਪੰਜਾਬ ਸਰਕਾਰ ਨੇ ਬਿਨਾਂ ਕਿਸੇ ਵੀ ਵੱਡੇ ਕੇਸ ਜਾਂ ਹੋਰ ਗੜਬੜ ਤੋਂ ਭਾਈ ਅੰਮ੍ਰਿਤਪਾਲ ਸਿੰਘ ਉਪਰ ਐਨਐਸਏ ਜਿਹਾ ਕੇਸ ਬਣਾ ਦਿੱਤਾ ਤੇ ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਪੰਜਾਬ ਤੋਂ ਦੂਰ ਡਿਬਰੂਗੜ ਜੇਲ ਵਿੱਚ ਭੇਜ ਦਿੱਤਾ। ਐਨਐਸਏ ਦਾ ਇੱਕ ਸਾਲ ਪੂਰਾ ਹੋਣ ਤੋਂ ਬਾਅਦ ਚੁੱਪ ਚੁਪੀਤੇ ਹੀ ਸਰਕਾਰ ਨੇ ਦੁਬਾਰਾ ਫਿਰ ਐਨਐਸਏ ਲਾ ਦਿੱਤਾ। ਅੱਜ ਤਾਂ ਹੱਦ ਹੀ ਹੋ ਗਈ ਜਦੋਂ ਅੰਮ੍ਰਿਤਪਾਲ ਸਿੰਘ ਤੇ ਉੱਪਰ ਜੋਆਪਾ ਜਿਹਾ ਕੇਸ ਵੀ ਫਿਟ ਕਰ ਦਿੱਤਾ ਇਹ ਸਭ ਕੁਝ ਪੰਜਾਬ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਨਾਲ ਸਿਆਸੀ ਕਿੜਾ ਕੱਢਣ ਕਾਰਨ ਹੀ ਕਰ ਰਹੀ ਹੈ ਹੁਣ ਜਦੋਂ ਅੰਮ੍ਰਿਤ ਪਾਲ ਸਿੰਘ ਦੇ ਸਾਥੀਆਂ ਨੇ ਪੰਜਾਬ ਵਿੱਚ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦਾ ਉਪਰਾਲਾ ਕੀਤਾ ਤਾਂ ਫਿਰ ਸਰਕਾਰ ਨੇ ਜੋਆਪਾ ਜਿਹਾ ਕੇਸ ਅੰਮ੍ਰਿਤਪਾਲ ਸਿੰਘ ਉੱਪਰ ਜੇਲ ਵਿੱਚ ਬੈਠਿਆਂ ਹੀ ਫਿਟ ਕਰ ਦਿੱਤਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਕੀਤਾ। ਵਕੀਲ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਸਰਕਾਰ ਪੰਜਾਬ ਵਿੱਚ ਆਪਣੀ ਕੁਰਸੀ ਨੂੰ ਬਚਾਉਣ ਲਈ ਕੀ ਕੁਝ ਕਰ ਰਹੀ ਹੈ ਉਨਾਂ ਹਵਾਲਾ ਦਿੰਦਿਆਂ ਕਿਹਾ ਕਿ ਪਿਛਲੇ ਦੋ ਸਾਲ ਤੋਂ ਵੀ ਵੱਧ ਸਮੇਂ ਤੋਂ ਅੰਮ੍ਰਿਤਪਾਲ ਸਿੰਘ ਡਿਬਰੂਗੜ ਜੇਲ ਵਿੱਚ ਬੰਦ ਹਨ ਉੱਥੇ ਉਹਨਾਂ ਨੂੰ ਸਿਰਫ ਸਰਕਾਰੀ ਫੋਨ ਉੱਤੇ ਹਫਤੇ ਵਿੱਚ ਦੋ



ਦਿਨ ਸੋਮਵਾਰ ਤੇ ਸ਼ੁਕਰਵਾਰ ਨੂੰ ਆਪਣੇ ਪਰਿਵਾਰ ਤੇ ਵਕੀਲ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਹੈ ਫਿਰ ਅਜਿਹੇ ਵਿੱਚ ਉਸ ਨੇ ਗੁਰਪ੍ਰੀਤ ਸਿੰਘ ਹਰੀ ਨੂੰ ਦੇ ਕਤਲ ਵਿੱਚ ਵਿਦੇਸ਼ ਵਿੱਚ ਬੈਠੇ ਅਰਸ਼ ਡੱਲਾ ਨਾਲ ਕਿਸ ਤਰ੍ਹਾਂ ਸੰਪਰਕ ਬਣਾ ਲਿਆ। ਖਾਰਾ ਨੇ ਕਿਹਾ ਕਿ ਪੰਜਾਬ ਦੀਆਂ ਜੇਲਾਂ ਵਿੱਚ ਤਾਂ ਮੋਬਾਇਲ ਆਮ ਮਿਲਦੇ ਹਨ ਪਰ ਡਿਬਰੂਗੜ ਦੀ ਜੇਲ ਵਿੱਚ ਹਾਈ ਸਿਕਿਉਰਟੀ ਅਧੀਨ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀ ਰੱਖੇ ਹੋਏ ਹਨ ਉਹਨਾਂ ਨੂੰ ਸਿਰਫ ਲੈਂਡ ਲਾਈਨ ਫੋਨ ਵਰਤਣ ਦੀ ਇਜਾਜਤ ਹੈ ਤੇ ਉਹ ਜੋ ਵੀ ਕਾਲ ਘਰ ਜਾਂ ਸਾਡੇ ਨਾਲ ਕਰਦੇ ਹਨ ਉਸ ਦੀ ਬਕਾਇਦਾ ਰਿਕਾਰਡਿੰਗ ਹੁੰਦੀ ਹੈ। ਐਡਵੋਕੇਟ ਖਾਰਾ ਨੇ ਕਿਹਾ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਨੂੰ ਇਹ ਤਾਂ ਦੱਸ ਸਕਦੀ ਹੈ ਕਿ ਅੰਮ੍ਰਿਤ ਪਾਲ ਸਿੰਘ ਉੱਪਰ ਜੋ ਨਵਾਂ ਜੋਆਪਾ ਜਿਹਾ ਕੇਸ ਪਾਇਆ ਹੈ ਉਹ ਕਿਸ ਸਬੂਤ ਦੇ ਆਧਾਰ ਉੱਤੇ ਪਾਇਆ ਹੈ। ਖਾਰਾ ਨੇ ਕਿਹਾ ਕਿ ਇਸ ਮਾਮਲੇ ਉੱਪਰ ਪੰਜਾਬ ਦੇ ਡੀਜੀਪੀ ਨੂੰ ਵੀ ਇੱਕ ਪੱਤਰ ਲਿਖ ਕੇ ਇਸ ਕੇਸ ਬਾਰੇ ਉਨਾਂ ਤੋਂ ਜਾਣਕਾਰੀ ਲਈ ਜਾਵੇਗੀ।

# ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਦੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਗੀਤ 'ਦਰਸ਼ਨ' ਦਾ ਪੋਸਟਰ ਵਰਲਡ ਵਾਈਡ ਰੀਲੀਜ਼

**ਫਿਲੌਰ/ਅੱਪਰਾ (ਦੀਪਾ)-** ਨੌਜਵਾਨ ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਦੇ ਸ੍ਰੀ ਗੁਰੂ ਰਵਿਦਾਸ ਮਹਾਰ-ਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਗੀਤ 'ਦਰਸ਼ਨ' ਦਾ ਪੋਸਟਰ ਵਰਲਡ ਵਾਈਡ ਰੀਲੀਜ਼ ਹੋ ਗਿਆ ਹੈ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਕਮਲ ਮਿਊਜ਼ਿਕ ਰਿਕਾਰਡਸ ਤੇ ਪੇਸ਼ਕਾਰ ਤਲਵਿੰਦਰ ਸਿੰਘ ਵਲੋਂ ਮਾਰਕੀਟ 'ਚ ਪੇਸ਼ ਕੀਤਾ ਗਿਆ ਹੈ ਙ ਇਸ ਗੀਤ ਨੂੰ




ਗਾਇਕ ਕੁਲਵੀਰ ਲੱਲੀਆਂ ਦੇ ਖੁਦ ਹੀ ਕਲਮਬੱਧ ਕੀਤਾ ਹੈ, ਜਦਕਿ ਇਸ ਗੀਤ ਨੂੰ ਸੰਗੀਤਕ ਧੁਨਾਂ 'ਚ ਨੌਜਵਾਨ ਸੰਗੀਤਕਾਰ ਲੱਕੀ ਅੱਪਰਾ ਨੇ ਪਿਰੋਇਆ ਹੈ । ਇਸ ਗੀਤ ਦਾ ਵੀਡੀਓ ਆਰ. ਕੇ ਬਾਂਸਲ ਅੱਪਰਾ ਵਲੋਂ ਤਿਆਰ ਕੀਤਾ ਹੈ ਙ ਗੀਤ ਨੂੰ ਤਿਆਰ ਕਰਨ ਵਾਲੀ ਸਮੂਹ ਟੀਮ ਨੇ ਕਿਹਾ ਕਿ ਉਨਾਂ ਨੂੰ ਪੂਰੀ ਆਸ ਹੈ ਕਿ ਦੇਸ਼ ਵਿਦੇਸ਼ 'ਚ ਬੈਠੀਆਂ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਇਸ ਧਾਰਮਿਕ ਗੀਤ ਨੂੰ ਬੇਹੱਦ ਪਿਆਰ ਦੇਣਗੀਆਂ ਤੇ ਉਹ ਇਸ ਤਰਾਂ ਹੀ ਗੁਰੂ ਸਾਹਿਬਾਨਾਂ ਦੇ ਲੜ ਲੱਗ ਕੇ ਪੰਜਾਬੀ ਮਾਂ ਬੋਲੀ ਤੇ ਪੰਜਾਬੀਅਤ ਦੀ ਸੇਵਾ ਕਰਦੇ ਰਹਿਣਗੇ।

# ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਕਾਨੂੰਨੀ ਟੀਮ ਦਾ ਹੋਰ ਵਿਸਥਾਰ

**ਲੁਧਿਆਣਾ ( ਰਮੇਸ਼ਵਰ ਸਿੰਘ)** ਪੰਜਾਬੀ ਭਾਸ਼ਾ ਪ੍ਰਸਾਰ ਭਾਈਚਾਰੇ ਦੇ ਮੁੱਖ ਸੰਚਾਲਕ ਮਿੱਤਰ ਸੈਨ ਮੀਤ ਵੱਲੋਂ ਦੱਸਿਆ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਕਰਦੇ ਬੀਬਾ ਸੁਨੈਨਾ ਜੀ ਨੇ ਆਪਣੀਆਂ ਕਾਨੂੰਨੀ ਸੇਵਾਵਾਂ ਭਾਈਚਾਰੇ ਨੂੰ ਸਮਰਪਿਤ ਕੀਤੀਆਂ ਹਨ। ਉਹਨਾਂ ਅੱਗੇ ਕਿਹਾ ਕਿ ਸੁਨੈਨਾ ਜੀ ਦੀ ਆਮਦ ਨਾਲ



ਪੰਜਾਬੀ ਭਾਸ਼ਾ ਦੇ ਸਰਕਾਰੇ ਦਰਬਾਰੇ ਬਣਦੇ ਸਤਿਕਾਰ ਨੂੰ ਬਹਾਲ ਕਰਾਉਣ ਵਿੱਚ ਵੱਡੀ ਮਦਦ ਮਿਲੇਗੀ। ਉਹਨਾਂ ਨੇ ਹੋਰ ਕਿਹਾ ਕਿ ਸਮੁੱਚੇ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਸੁਨੈਨਾ ਜੀ ਦਾ ਭਾਈਚਾਰੇ ਵਿੱਚ ਤਹਿ ਦਿਲੋਂ ਸਵਾਗਤ ਕੀਤਾ ਗਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਨਵ ਜੰਮੀਆਂ ਧੀਆਂ ਦੀ ਲੋਹੜੀ ਮਨਾਈ ਗਈ

**ਭੀਖੀ, ( ਕਮਲ ਜਿੰਦਲ)** ਚਹਿਲ ਫਾਊਂਡੇਸ਼ਨ ਸਮਾਉ ਵੱਲੋ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਵੱਲੋ ਬੇਟੀ ਬਚਾਓ ਬੇਟੀ ਪੜ੍ਹਾਓ ਨਵ ਮੁਹਿੰਮ ਨੂੰ ਹੁੰਗਾਰਾ ਦੇਣ ਲਈ ਨਵ ਜੰਮੀਆ ਧੀਆ ਦੀ ਮਾਨਸਾ ਹਲਕੇ ਦੇ ਪਿੰਡਾ ਵਿੱਚ ਨਵ ਜੰਮੀਆ ਧੀਆ ਲੋਹੜੀ ਮਨਾਉਣ ਦਾ ਪ੍ਰੋਗਰਾਮ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਅੱਜ ਪਿੰਡ ਮੋਹਰ ਸਿੰਘ ਵਾਲਾ ਦੀ ਧਰਮਸ਼ਾਲਾ ਵਿਖੇ ਧਲੇਵਾਂ ,ਜੱਸੜ ਵਾਲਾ ਅਤੇ ਮੋਹਰ ਸਿੰਘ ਵਾਲਾ ਵਿਖੇ ਨਵ ਜੰਮਿਆਂ ਧੀਆ ਦੀ ਸਾਂਝੀ ਲੋਹੜੀ ਮਨਾਈ ਗਈ ।ਧੀਆ ਦੀ ਲੋਹੜੀ ਦੇ ਪ੍ਰੋਗਰਾਮ ਦੀ ਸ਼ੁਰੂਆਤ



ਸਰਪੰਚ ਬਲਜਿੰਦਰ ਸਿੰਘ, ਸਰਪੰਚ ਹਰਬੰਸ ਸਿੰਘ ਅਤੇ ਪੰਚ ਰਾਣੀ ਕੋਰ,ਬਿਮਲਾ ਕੋਰ, ਪ੍ਰਿਤਪਾਲ ਸਿੰਘ ,ਸੁੱਖਵਿੰਦਰ ਸਿੰਘ, ਰਾਜਵਿੰਦਰ ਸਿੰਘ ਮਿਸਤਰੀ ਬਿੰਦਰ ਸਿੰਘ,ਜਗਸੀਰ ਸਿੰਘ ਅਤੇ ਗੋਬਿੰਦ ਸਿੰਘ , ਸੇਵਕ ਸਿੰਘ , ਕਰਮ ਸਿੰਘ ਆਦਿ ਨੇ ਰਿਬਨ ਕੱਟ ਕੇ ਕੀਤੀ । ਚਹਿਲ ਫਾਊਂਡੇਸ਼ਨ ਸੰਸਥਾ ਦੇ ਚੈਅਰਮੈਨ ਡਾਂ



ਗੁਰਤੇਜ ਸਿੰਘ ਚਹਿਲ ਬੀਜੇਪੀ ਫੈਪਈ ਮੰਡਲ ਦੇ ਪ੍ਰਧਾਨ ਨੇ ਸਮੂਹ ਨਵ ਜੰਮੀਆ ਧੀਆ ਨੂੰ ਖੇਡਾਂ ਝੂਲੇ ਦਾ ਗਿਫ਼ਟ ਅਤੇ ਮੂੰਗਫਲੀਆਂ ਤੇ ਰਿਉੜੀਆਂ ਵੰਡਣ ਦੇ ਨਾਲ ਵਧਾਈਆ ਦਿੱਤੀਆ। ਅਤੇ ਦੋਵਾ ਸਰਪੰਚਾਂ ਵਲੋਂ ਵੀ ਨਵ ਜੰਮੀਆ ਬੱਚਿਆਂ ਨੂੰ ਸ਼ਗਨ ਦਿੱਤਾ ਗਿਆ । ਸਕੂਲ ਅਤੇ ਕਾਲਜ ਦੇ ਵਿਦਿਆਰਥੀਆ ਵੱਲੋ ਲੋਹੜੀ ਨਾਲ ਸਬੰਧਿਤ ਗੀਤ ਪ੍ਰੋਗਰਾਮ ਵਿੱਚ ਪੇਸ਼ ਕੀਤਾ ਗਿਆ ।

# ਵਿਗਿਆਨਕ ਵਿਚਾਰਾਂ ਨਾਲ ਵਿਦਿਆਰਥੀਆਂ ਦਾ ਬਹੁ ਪੱਖੀ ਵਿਕਾਸ - ਡਾਕਟਰ ਰਾਜਿੰਦਰ ਪਾਲ ਬਰਾੜ

## ● ਤਰਕਸ਼ੀਲਾਂ ਨੇ ਚੇਤਨਾ ਪ੍ਰੀਖਿਆ ਦੇ 110 ਵਿਦਿਆਰਥੀਆਂ ਅਤੇ 50 ਸਹਿਯੋਗੀ ਅਧਿਆਪਕਾਂ/ ਸ਼ਖ਼ਸੀਅਤਾਂ ਨੂੰ ਕੀਤਾ ਸਨਮਾਨਿਤ

## ● ਕਨੇਡਾ ਰਹਿੰਦੇ ਨਛੱਤਰ ਸਿੰਘ ਬਦੇਸ਼ਾ ਦਾ ਸਹਿਯੋਗ ਲਈ ਵਿਸ਼ੇਸ਼ ਧੰਨਵਾਦ -ਮਾਸਟਰ ਪਰਮਵੇਦ








**ਸੰਗਰੂਰ ।** ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਦੇ ਜੋਨ ਵਿੱਚ ਤੇ ਇਕਾਈ ਦੀ ਮੈਰਿਟ ਸੂਚੀ ਵਿੱਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਅੱਜ ਪਾਰੁਲ ਪੈਲੇਸ ਸੰਗਰੂਰ ਵਿਖੇ ਰੱਖਿਆ ਸਨਮਾਨ ਸਮਾਰੋਹ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਦੀ ਅਗਵਾਈ ਤੇ ਸਮੂਚੀ ਸਥਾਨਕ ਇਕਾਈ ਦੇ ਸਹਿਯੋਗ ਨਾਲ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ।ਇਸ ਵਿਚ ਇਕਾਈ ਦੇ ਵੱਖ ਵੱਖ ਥਾਵਾਂ/ਸਕੂਲਾਂ ਤੋਂ ਵੱਡੀ ਗਿਣਤੀ ਵਿਚ ਤਰਕਸ਼ੀਲ ਕਾਰਕੁੰਨਾਂ,ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂਤੇ ਸਹਿਯੋਗੀਆਂ ਨੇ ਸ਼ਮੂਲੀਅਤ ਕੀਤੀ। ਇਕਾਈ ਮੁਖੀ ਸੁਰਿੰਦਰ ਪਾਲ ਤੇ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਵੱਲੋਂ ਹਾਜ਼ਰੀਨ ਦਾ ਸਵਾਗਤ ਕਰਨ ਉਪਰੰਤ

ਇਸ ਸਮਾਗਮ ਦੇ ਮੁੱਖ ਬੁਲਾਰੇ ਸਾਹਿਤਕਾਰ ,ਡੂੰਘੇ ਚਿੰਤਕ ਤੇ ਵਿਦਵਾਨ ਰਾਜਿੰਦਰ ਪਾਲ ਸਿੰਘ ਬਰਾੜ ਸੇਵਾ ਮੁਕਤ ਪ੍ਰੋਫੈਸਰ ਡੀਨ ਭਾਸ਼ਾਵਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਿੱਖਿਆ ਨੀਤੀ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਥਾਂ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਹਨ ਜੋ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝੇ ਕਰਦੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਵਿਗਿਆਨਕ ਚੇਤਨਾ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ ਜਿਸਦਾ ਇਕ ਰੂਪ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਹੈ। ਉਨ੍ਹਾਂ ਕਿਹਾ ਵਿਗਿਆਨਕ ਸੋਚ ਅਪਣਾ ਕੇ ਵਿਦਿਆਰਥੀ ਆਪਣਾ ਬਹੁ ਪੱਖੀ ਵਿਕਾਸ ਕਰ ਸਕਦੇ ਹਨ, ਉਨ੍ਹਾਂ ਤਰਕਸ਼ੀਲ ਸੁਸਾਇਟੀ ਪੰਜਾਬ ਕੰਮ ਕਰਦਿਆਂ ਹਲ ਕੀਤੇ ਕੁੱਝ ਕੇਸਾਂ ਦੀ ਵਿਆਖਿਆ ਵੀ ਕੀਤੀ। ਤਰਕਸ਼ੀਲ ਮੈਗਜ਼ੀਨ ਦੇ ਮੁੱਖ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਨੇ ਵੀ ਚੇਤਨਾ ਪਰਖ਼ ਪ੍ਰੀਖਿਆ ਦੀ ਅਹਿਮੀਅਤ ਬਾਰੇ ਆਪਣੇ ਵਿਚਾਰ ਪ੍ਰਗਟਾਏ। ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੂਟਾਲ ਨੇ ਵੀ ਵਿਗਿਆਨਕ ਵਿਚਾਰਾਂ ਅਪਨਾਉਣ ਦਾ ਸੁਨੇਹਾ ਦਿੱਤਾ ਤੇ ਤਰਕਸ਼ੀਲ ਸੁਸਾਇਟੀ ਨੂੰ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ।



ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਪਿਛਲੇ ਛੇ ਸਾਲਾਂ ਤੋਂ ਕਰਵਾਈ ਜਾ ਰਹੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਅਤੇ ਵਿਗਿਆਨਕ ਚੇਤਨਾ ਲਈ ਕੀਤੇ ਜਾ ਰਹੇ ਸੁਹਿਰਦ ਯਤਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਇਕਾਈ ਸੰਗਰੂਰ ਦੀ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕਰਦਿਆਂ, ਨਛੱਤਰ ਸਿੰਘ ਬਦੇਸ਼ਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜੋ ਆਪਣੀ ਮਾਤਾ ਦੀ ਯਾਦ ਵਿੱਚ ਇਕਾਈ ਸੰਗਰੂਰ ਦਾ ਕਨੇਡਾ ਤੋਂ ਹਰ ਸਾਲ ਵਿਸ਼ੇਸ਼ ਆਰਥਿਕ ਸਹਿਯੋਗ ਕਰਦੇ ਹਨ। ਇਸ ਮੌਕੇ ਇਕਾਈ ਪੱਧਰ ਤੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਵਿਚ ਮੋਹਰੀ ਸਥਾਨ ਹਾਸਿਲ ਕਰਨ ਵਾਲੇ ਮਿਡਲ ਗਰੁੱਪ ਦੇ 45 ਅਤੇ ਸੈਕੰਡਰੀ ਗਰੁੱਪ ਦੇ 65 ਵਿਦਿਆਰਥੀਆਂ ਤੇ ਜੋਨ ਵਿੱਚ ਅਹਿਮ ਸਥਾਨ ਪ੍ਰਾਪਤ ਕਰਨ ਵਾਲੇ 5 ਵਿਦਿਆਰਥੀਆਂ ਨੂੰ ਤਰਕਸ਼ੀਲ ਮੈਂਬਰਾਂ ਨੇ ਸਮੂਹਿਕ ਰੂਪ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ ,ਮੈਡਲ,ਪੜ੍ਹਨ ਸਮੱਗਰੀ ਅਤੇ ਸਨਮਾਨ ਪੱਤਰ ਦੇ ਕੇ ਤੇ ਲਗਭਗ 50 ਸਹਿਯੋਗੀ ਸਕੂਲ ਮੁਖੀਆਂ , ਅਧਿਆਪਕਾਂ ਤੇ ਸਹਿਯੋਗੀਆਂ ਨੂੰ ਵਧੀਆ ਮਨੁੱਖੀ ਗੁਣਾਂ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸ਼ੁਭਪ੍ਰੀਤ ਸਿੰਘ ਗੰਢੂਆਂ, ਸੁਲਤਾਨ ਖਾਂ ਤੂੰਗਾਂ, ਪ੍ਰਿੰਸੀਪਲ ਹਰਦੇਵ ਕੁਮਾਰ ਤੇ ਪਰਮਜੀਤ ਕੌਰ ਨੇ ਇਨਕਲਾਬੀ ਗੀਤ/ ਕਵਿਤਾਵਾਂ ਪੇਸ਼ ਕੀਤੇ।ਮਹਿਲਾਂ ਸਕੂਲ ਦੀਆਂ ਵਿਦਿਆਰਥਣਾਂ ਨਵਜੋਤ ਕੌਰ,ਮਹਿਕ ,ਪਵਨ , ਭਵਾਨੀਗੜ ਸਕੂਲ ਦੀਆਂ ਵਿਦਿਆਰਥਣਾਂ ਸੁਮਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ ਤੇ ਬਚਪਨ ਇੰਗਲਿਸ਼ ਸਕੂਲ ਦੇ ਵਿਦਿਆਰਥੀ ਸਾਹਿਲ ਤਿਵਾੜੀ ਨੇ ਤਰਕਸ਼ੀਲਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਤਰਕਸ਼ੀਲ ਆਗੂ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਵਿੱਚ ਹੱਥ ਦੀ ਸਫਾਈ ਦੀਆਂ ਟਰਿੱਕਾਂ ਨਾਲ ਵਿਗਿਆਨਕ ਸੋਚ ਦਾ ਚਾਨਣ ਵਖੇਰਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਤੇ ਗੁਰਦੀਪ ਸਿੰਘ ਲਹਿਰਾ ਨੇ ਬਾਖੂਬੀ ਨਿਭਾਈ । ਪ੍ਰੋਗ੍ਰਾਮ ਦੀ ਸਮਾਪਤੀ ਮੌਕੇ ਮਾਸਟਰ ਪਰਮਵੇਦ ਤੇ ਸੁਰਿੰਦਰ ਪਾਲ ਵਲੋਂ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਮੁਖੀਆਂ , ਅਧਿਆਪਕਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਿੰਸੀਪਲ ਨਵਰਾਜ, ਪ੍ਰਿੰਸੀਪਲ ਹਰਦੇਵ ਕੁਮਾਰ , ਪ੍ਰਿੰਸੀਪਲ ਅਮਰੀਕ ਖੋਖਰ, ਪ੍ਰਿੰਸੀਪਲ ਹਰਦੇਵ ਸਿੰਘ, ਪ੍ਰਿੰਸੀਪਲ ਪ੍ਰਵੀਨ ਮਨਚੰਦਾ, ਮਾਸਟਰ ਅਵਿਨਾਸ਼ ਸ਼ਰਮਾ ਤੇ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਉਪਰੋਕਤ ਤੋਂ ਇਲਾਵਾ ਇਕਾਈ ਸੰਗਰੂਰ ਦੇ ਪਰਮਜੀਤ ਕੌਰ, ਵਨੀਤਾ ਰਾਣੀ , ਦੇਵਿੰਦਰ ਕੌਰ,ਸੁਨੀਤਾ ਰਾਣੀ, ਇਕਬਾਲ ਕੌਰ, ਪ੍ਰਗਟ ਸਿੰਘ ਬਾਲੀਆਂ,ਮਾਸਟਰ ਰਣਜੀਤ ਸਿੰਘ,ਗੁਰਜੰਟ ਸਿੰਘ, ਕਰਤਾਰ ਸਿੰਘ,ਪ੍ਰਗਟ ਸਿੰਘ ਆਧਾਰਿਤ ਸਮੂਚੀ ਟੀਮ ਨੇ ਸ਼ਮੂਲੀਅਤ ਕੀਤੀ

**ਮਾਸਟਰ ਪਰਮਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਜਮਹੂਰੀ ਅਧਿਕਾਰ ਪੰਜਾਬ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਕੰਮਪਿਊਟਰ ਅਧਿਆਪਕ ਯੂਨੀਅਨ ਦੀਆਂ ਮੰਗਾਂ ਦਾ ਸਮੱਰਥਨ





**ਸੰਗਰੂਰ।** ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਦੇ ਬਾਹਰ ਲੱਗਪਗ 150 ਦਿੰਨਾਂ ਤੋਂ ਕੰਪਿਊਟਰ ਅਧਿਆਪਕਾਂ ਦਾ ਸੰਘਰਸ਼ ਚਲ ਰਿਹਾ ਹੈ। 22 ਦਸੰਬਰ ਤੋਂ ਇਹ ਮਰਨ ਵਰਤ ਤੇ ਬੈਠੇ ਹੋਏ ਹਨ, 3 ਜਨਵਰੀ 25 ਨੂੰ ਮਰਨ ਵਰਤ ਤੇ ਬੈਠੇ ਆਗੂ ਯੌਨੀ ਸਿੰਗਲਾ ਜੀ ਨੂੰ ਪੁਲਿਸ ਨੇ ਚੁੱਕ ਕੇ ਰਜਿੰਦਰਾ ਹ ਸ ਪ ਤ ਾ ਲ ਪਟਿਆਲਾ ਵਿਖੇ ਦਾਖਲ ਕਰਵਾ ਦਿੱਤਾ ਹੈ ਤੇ ਇੰਨਾ ਦਾ ਅਗਲਾ ਆਗੂ ਮਰਨ ਵਰਤ ਤੇ ਬੈਠਾ ਹੈ। ਅਜ ਜਮਹੂਰੀ ਅਧਿਕਾਰ ਪੰਜਾਬ ਜ਼ਿਲ੍ਹਾ ਇਕਾਈ ਸੰਗਰੂਰ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਵਿੱਚ ਸ਼ਮੂਲੀਅਤ ਕਰਦਿਆਂ ਕੰਮਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਦੇ ਸੰਘਰਸ਼ ਦਾ ਸਮਰੱਥਨ ਕਰਦਿਆਂ , ਉਨ੍ਹਾਂ ਦੀਆਂ ਮੰਗਾਂ ਨਾਲ ਸਹਿਮਤ ਪ੍ਰਗਟਾਈ। ਜਮਹੂਰੀ ਅਧਿਕਾਰ ਸਭਾ ਵੱਲੋਂ ਜਗਜੀਤ ਸਿੰਘ ਭੁਟਾਲ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਮਾਸਟਰ ਪਰਮਵੇਦ ਨੇ ਕੰਮਪਿਊਟਰ ਅਧਿਆਪਕਾਂ ਸਮੇਤ ਹੋਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੰਮਪਿਊਟਰ ਅਧਿਆਪਕਾਂ ਨੂੰ ਸਿਖਿਆ ਵਿਭਾਗ ਵਿੱਚ ਲੈਣ, ਛੇਵੇਂ ਪੇ ਕਮਿਸ਼ਨ ਤੇ ਸੀਐਸਆਰ ਲਾਗੂ ਕਰਨ ਆਦਿ ਮੰਗਾਂ ਜਾਇਜ਼ ਹਨ। ਸਰਕਾਰ ਨੂੰ ਇਨ੍ਹਾਂ ਨੂੰ ਖੱਜਲ ਖੁਆਰ ਕਰਨ ਦੀ ਥਾਂ ਇਨ੍ਹਾਂ ਦੀਆਂ ਮੰਗਾਂ ਛੇਤੀ ਮੰਨ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮੰਗਾਂ ਨਾ ਮੰਨਣ ਕਰਕੇ ਪੰਜਾਬ ਸਰਕਾਰ ਨੂੰ ਕੰਪਿਊਟਰ ਅਧਿਆਪਕਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਰੋਹ ਹੋਰ ਵਧਦਾ ਜਾਵੇਗਾ। ਮੰਗਾਂ ਜਾਇਜ਼ ਤੇ ਮੰਨਣਯੋਗ ਹੋਣ ਕਰਕੇ ਸਾਰੀਆਂ ਜਥੇਬੰਦੀਆਂ ਇਨ੍ਹਾਂ ਦੀ ਪਿੱਠ ਤੇ ਹਨ। ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਅਧਿਆਪਕ ਲੰਬੇ ਸਮੇਂ ਤੋਂ ਸੁਸਾਇਟੀ ਵਿਚ ਕੰਮ ਕਰ ਰਹੇ ਹਨ, ਇਨ੍ਹਾਂ ਦੀ ਮੰਨੀਆਂ ਮੰਗਾਂ ਤੇ ਅਮਲ ਕਰਕੇ ਇਨ੍ਹਾਂ ਨੂੰ ਸਿਖਿਆ ਵਿਭਾਗ ਵਿੱਚ ਲੈਣਾ ਬਣਦਾ ਹੈ। ਕੰਮਪਿਊਟਰ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਕੁਲਦੀਪ ਸਿੰਘ ਮਨਧੀਰ ਸਿੰਘ ,ਪ੍ਰਿੰਸੀਪਲ ਅਮਰੀਕ ਸਿੰਘ ,
ਵਿਸਾਖਾ ਸਿੰਘ, ਲਾਲ਼ ਚੰਦ, ਗੁਰਜੰਟ ਸਿੰਘ ਬਡਰੁੱਖਾਂ, ਬਸੇਸਰ ਰਾਮ, ਭਜਨ ਰੰਗੀਆਂ, ਮਾਸਟਰ ਰਾਮ ਸਿੰਘ
ਗੁਰਦੀਪ ਸਿੰਘ, ਮਾਸਟਰ ਗੁਰਜੰਟ ਸਿੰਘ ਨੇ ਸ਼ਮੂਲੀਅਤ ਕੀਤੀ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਜਲੰਧਰ ਦਿਹਾਤੀ ਦੇ ਥਾਣਾ ਗੁਰਾਇਆ ਵੱਲੋਂ ਹਾਈਵੇ ਤੇ ਲੁੱਟਾ/ਖੋਹਾ ਕਰਨ ਵਾਲੇ ਗਰੋਹ ਦਾ ਪਰਦਾਪਾਸ਼, 13 ਮੋਬਾਇਲ ਫੋਨ, 01 ਮੋਟਰ ਸਾਈਕਲ ਅਤੇ ਦਾਤਰ ਬਰਾਮਦ



**ਫਿਲੌਰ/ਅੱਪਰਾ (ਦੀਪਾ)**-ਸ੍ਰੀ ਹਰਕਮਲਪ੍ਰੀਤ ਸਿੰਘ ਖੱਖ, ਪੀ.ਪੀ.ਐਸ, ਸੀਨੀਅਰ ਪੁਲਿਸ ਕਪਤਾਨ, ਜਲੰਧਰ (ਦਿਹਾਤੀ) ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਭੈੜੇ ਅਨਸਰਾ/ਨਸ਼ਾ ਤੱਸਕਰਾ ਦੇ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀ ਸਰਵਨ ਸਿੰਘ ਬੱਲ, ਪੀ.ਪੀ.ਐਸ, ਉਪ ਪੁਲਿਸ ਕਪਤਾਨ, ਸਬ-ਡਵੀਜਨ ਫਿਲੋਰ ਜੀ ਦੀ ਅਗਵਾਈ ਹੇਠ, ਇੰਸਪੈਕਟਰ ਸਿਕੰਦਰ ਸਿੰਘ ਮੁੱਖ ਅਫਸਰ ਥਾਣਾ ਗੁਰਾਇਆ ਦੀ ਟੀਮ ਵੱਲੋਂ ਹਾਈਵੇ ਤੇ ਲੁੱਟਾ/ਖੋਹਾ ਕਰਨ ਵਾਲੇ ਇੱਕ ਲੜਕਾ ਅਤੇ ਇੱਕ ਲੜਕੀ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 13 ਮੋਬਾਇਲ ਫੋਨ, 01 ਮੋਟਰ ਸਾਈਕਲ ਅਤੇ ਦਾਤਰ ਬਰਾਮਦ ਕੀਤਾ ਗਿਆ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ ਸਰਵਨ ਸਿੰਘ ਬੱਲ, ਪੀ.ਪੀ.ਐਸ. ਉਪ ਪੁਲਿਸ ਕਪਤਾਨ, ਸਬਡਵੀਜਨ ਫਿਲੋਰ ਜਿਲ੍ਹਾ ਜਲੰਧਰ ਦਿਹਾਤੀ ਜੀ ਨੇ ਦੱਸਿਆ ਕਿ ਮਿਤੀ 07.01.2025 ਨੂੰ ਇੰਸਪੈਕਟਰ ਸਿਕੰਦਰ ਸਿੰਘ ਮੁੱਖ ਅਫਸਰ ਥਾਣਾ ਗੁਰਾਇਆ ਜਿਲ੍ਹਾ ਜਲੰਧਰ ਦਿਹਾਤੀ ਦੀ ਪੁਲਿਸ ਪਾਰਟੀ ਏ.ਐਸ.ਆਈ. ਬਾਵਾ ਸਿੰਘ ਥਾਣਾ ਗੁਰਾਇਆ ਨੇ ਸਮੇਤ ਸਾਥੀ ਕਰਮਚਾਰੀਆਂ ਦੇ ਰੁੜਕਾ ਖੁਰਦ ਨਹਿਰ ਤੇ ਨਾਕਾਬੰਦੀ ਦੌਰਾਨ ਦੋਸ਼ੀਆਨ ਦਿਨੇਸ਼ ਸ਼ਰਮਾ ਉਰਫ ਬੱਬੂ ਪੁੱਤਰ ਮੰਗਤ ਰਾਈ ਵਾਸੀ ਪਿੰਡ ਨੂਰੇਵਾਲ ਥਾਣਾ ਫਿਲੌਰ ਜਿਲ੍ਹਾ ਜਲੰਧਰ ਅਤੇ ਲਵਲੀਨ ਕੌਰ ਪੁੱਤਰੀ ਮਨਜੀਤ ਸਿੰਘ ਵਾਸੀ ਮੁਹੱਲਾ ਪਹਾੜ ਸਿੰਘ ਰਾਹੋਂ ਥਾਣਾ ਰਾਹੋਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਕਾਬੂ ਕਰਕੇ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਪਾਸੋਂ ਖੋਹ ਕੀਤੇ 13 ਮੋਬਾਇਲ ਫੋਨ, 01 ਮੋਟਰ ਸਾਈਕਲ ਅਤੇ 01 ਦਾਤਰ ਬ੍ਰਾਮਦ ਕੀਤਾ ਗਿਆ ਅਤੇ ਮੁਕੱਦਮਾ ਨੰਬਰ 03 ਅ/ਧ 309(4) 2NS ਥਾਣਾ ਗੁਰਾਇਆ ਦਰਜ ਰਜਿਸਟਰ ਕੀਤਾ ਗਿਆ। ਜੋ ਮੁਕੱਦਮਾ ਹਜਾ ਵਿੱਚ ਦੋਸ਼ੀਆਨ ਦਿਨੇਸ਼ ਸ਼ਰਮਾ ਉਰਫ ਬੱਬੂ ਪੁੱਤਰ ਮੰਗਤ ਰਾਈ ਵਾਸੀ ਪਿੰਡ ਨੂਰੇਵਾਲ ਥਾਣਾ ਫਿਲੌਰ ਜਿਲ੍ਹਾਂ ਜਲੰਧਰ ਅਤੇ ਲਵਲੀਨ ਕੌਰ ਪੁੱਤਰੀ ਮਨਜੀਤ ਸਿੰਘ ਵਾਸੀ ਮੁਹੱਲਾ ਪਹਾੜ ਸਿੰਘ ਰਾਹੋਂ ਥਾਣਾ ਰਾਹੋਂ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੀ ਰਹਿਣ ਵਾਲੀ ਹੈ ਅਤੇ ਲੰਬੇ ਸਮੇਂ ਵਿੱਚ ਆਪਣੇ ਘਰ ਨਹੀਂ ਜਾਂਦੀ ਸੀ। ਜਿਸ ਨੇ ਮੁੰਡਿਆ ਨਾਲ ਮਿਲ ਕੇ ਆਪਣਾ ਹੀ ਗੈਂਗ ਬਣਾ ਕਿ ਥਾਣਾ ਫਿਲੌਰ, ਅੱਪਰਾ, ਗੰਨਾ ਪਿੰਡ, ਥਾਣਾ ਗੁਰਾਇਆ ਅਤੇ ਮੁਕੰਦਪੁਰ ਦੇ ਏਰੀਆ ਵਿੱਚ ਕਰੀਬ 14 ਵਾਰਦਾਤਾ ਨੂੰ ਅੰਜਾਮ ਦਿੱਤਾ ਹੈ। ਇਹਨਾਂ ਦਾ ਵਾਰਦਾਤ ਕਰਨ ਦਾ ਤਰੀਕਾ ਰਾਤ ਵੇਲੇ ਰਾਹਗੀਰਾਂ ਨੂੰ ਦਾਤਰ ਦੀ ਨੋਕ ਤੇ ਰੋਕ ਕੇ ਪੈਸੇ ਅਤੇ ਮੋਬਾਇਲ ਖੋਣਾ ਹੈ। ਦੋਸ਼ੀਆਨ ਨੂੰ ਮਾਨਯੋਗ ਅਦਾਲਤ ਪੇਸ਼ ਕਰਕੇ ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਜੋ ਦੋਸ਼ੀਆਨ ਉਕਤਾਨ ਪਾਸੋਂ ਹੋਰ ਪੁੱਛ ਗਿੱਛ ਕੀਤੀ ਜਾ ਰਹੀ ਹੈ ਅਤੇ ਇਹਨਾਂ ਪਾਸੋਂ ਥਾਣਾ ਹਜਾ ਦੇ ਏਰੀਆ ਵਿੱਚ ਹੋਈਆ ਹੋਰ ਲੁੱਟ/ਖੋਹ ਦੀਆਂ ਵਾਰਦਾਤਾਂ ਬਾਰੇ ਪੁੱਛ-ਗਿੱਛ ਕੀਤੀ ਜਾ ਰਹੀ ਹੈ ਅਤੇ ਇਹਨਾਂ ਨੇ ਕਿੱਥੇ ਕਿੱਥੇ ਹੋਰ ਵਾਰਦਾਤਾ ਕੀਤੀਆ ਹਨ ਬਾਰੇ ਸਖਤੀ ਨਾਲ ਪੁੱਛ-ਗਿੱਛ ਕੀਤੀ ਜਾਵੇਗੀ।

# ਬਸਪਾ ਦੇ ਮਿਸ਼ਨਰੀ ਵਰਕਰ ਸ ਮਲਕੀਤ ਸਿੰਘ ਮੁਕੰਦਪੁਰ ਦਾ ਅਫਸੋਸ ਕਰਨ ਲਈ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਆਏ

**ਬੰਗਾ ( ਚਰਨਜੀਤ ਸੱਲ੍ਹਾ )** ਬਸਪਾ ਦੇ ਮਿਸ਼ਨਰੀ ਵਰਕਰ ਸ ਮਲਕੀਤ ਸਿੰਘ ਜੀ ਦਾ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਅੱਜ ਜਿਨ੍ਹਾਂ ਦਾ ਅਫਸੋਸ ਕਰਨ ਲਈ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਪਹੁੰਚੇ ਸਨ ਉਨ੍ਹਾਂ ਨੇ ਮਲਕੀਤ ਸਿੰਘ ਦੇ ਪਰਿਵਾਰ ਨੂੰ ਹੌਸਲਾ ਦਿੱਤਾ ਅਤੇ ਉਸ ਵਾਹਿਗੁਰੂ ਜੀ ਦਾ ਭਾਣਾ ਮੰਨਣ ਲਈ ਕਿਹਾ ਉਨ੍ਹਾਂ ਦੇ ਨਾਲ ਹਰਮੇਸ਼ ਵਿਰਦੀ ਜਨਰਲ ਸਕੱਤਰ ਬਸਪਾ ਹਲਕਾ ਬੰਗਾ, ਵਿਜੇ ਮਜਾਰੀ ਬਸਪਾ ਆਗੂ, ਰਵਿੰਦਰ ਮਹਿਮੀ ਕਨਵੀਨਰ ਮਹਿਲਾ ਵਿੰਗ ਬਸਪਾ ਬੰਗਾ, ਜਸਵੰਤ ਕਟਾਰੀਆ, ਰਾਹੁਲ ਮੁਕੰਦਪੁਰ ਬਸਪਾ ਵਰਕਰ ਅਤੇ ਹੋਰ ਬਸਪਾ ਵਰਕਰ ਹਾਜ਼ਰ ਸਨ।





# ਧਾਰਮਿਕ ਟ੍ਰੈਕ "ਡੋਲਣ ਨਹੀਂ ਦਿੰਦਾ"ਨਾਲ ਆਗਮਨ ਪੁਰਬ ਤੇ ਗਾਇਕਾ ਸ਼ੈਲੀ ਬੀ ਭਰੇਗੀ ਹਾਜ਼ਰੀ - ਰਾਮ ਭੋਗਪੁਰੀਆ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਸਤਿਗੁਰੂ ਰਵਿਦ-ਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਹਰਿ ਹਰਿ ਸੋਹੰ ਜੈ ਗੁਰਦੇਵ - ਧੰਨ ਗੁਰਦੇਵ ਦੇ ਨਾਅਰੇ ਜੈਕਾਰੇ ਲਾਉਂਦਿਆਂ ਸੰਗਤਾਂ ਖੁਸ਼ੀ ਵਿੱਚ ਝੂੰਮਣ ਲੱਗ ਗਈਆਂ ਹਨ। ਆਰ ਜੇ ਬੀਟਸ ਭਗਤੀ ਚੈਨਲ ਅਤੇ ਰਾਮ ਭੋਗਪੁਰੀਆ ਵਲੋਂ ਟ੍ਰੈਕ" ਡੋਲਣ ਨਹੀਂ ਦਿੰਦਾ" ਟਾਈਟਲ ਹੇਠ ਸ਼ੈਲੀ ਬੀ ਦਾ ਸਿੰਗਲ ਟਰੈਕ ਮਾਰਕੀਟ ਵਿੱਚ ਲਾਂਚ ਕੀਤਾ ਜਾ ਰਿਹਾ ਹੈ। ਜਿਸ ਦਾ ਪੋਸਟਰ ਸੋਸ਼ਲ ਮੀਡੀਆ ਦੀਆਂ ਸਾਰੀਆਂ ਸਾਈਟਾਂ ਤੇ ਆਰ ਜੇ ਬੀਟਸ ਵਲੋਂ ਪ੍ਰਮੋਸ਼ਨ ਲਈ ਪਾ ਦਿੱਤਾ ਗਿਆ। ਇਸ ਟ੍ਰੈਕ ਨੂੰ ਆਪਣੀ ਖੂਬਸੂਰਤ ਆਵਾਜ਼ ਵਿੱਚ ਸ਼ੈਲੀ ਬੀ ਨੇ ਭਗਤੀ ਭਾਵ ਨਾਲ ਗਾਕੇ ਸੰਗਤ ਤੱਕ ਆਪਣੀ ਹਾਜ਼ਰੀ ਪਹੁੰਚਾਈ ਹੈ । ਰਾਮ ਭੋਗਪੁਰੀਆ ਪ੍ਰੋਡਿਊਸਰ ਨੇ




ਇਸ ਟ੍ਰੈਕ ਸੰਬੰਧੀ ਦੱਸਿਆ ਕਿ ਇਸ ਦਾ ਵੀਡੀਓ ਬਾਬਾ ਕਮਲ ਵਲੋਂ ਤਿਆਰ ਕੀਤਾ ਗਿਆ ਹੈ ਤੇ ਇਸ ਟ੍ਰੈਕ ਨੂੰ ਸਤਪਾਲ ਖਾਨਪੁਰੀ ਨੇ ਕਲਮਬੱਧ ਕੀਤਾ ਹੈ । ਸਾਬੀ ਐਮ ਕੇਡੀ ਨੇ ਇਸ ਦਾ ਮਿਊਜਿਕ ਤਿਆਰ ਕੀਤਾ ਹੈ ।ਬੰਨੀ ਸ਼ਰਮਾ ਇਸ ਪ੍ਰੋਜੈਕਟ ਦੇ ਮੁੱਖ ਆਧਾਰ ਹਨ। ਮੁਨੀਸ਼ ਠੁਕਰਾਲ ਇਸ ਟ੍ਰੈਕ ਦੇ ਐਡੀਟਰ ਹਨ ਅਤੇ ਇਸ ਟ੍ਰੈਕ ਨੂੰ ਆਰ ਜੇ ਬੀਟਸ ਦੇ ਮਾਧਿਅਮ ਰਾਹੀਂ ਸੰਗਤ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਆਸ ਹੈ ਕਿ "ਡੋਲਣ ਨਹੀਂ ਦਿੰਦਾ" ਰਾਹੀਂ ਸ਼ੈਲੀ ਬੀ ਦੀ ਗਾਇਕੀ ਸੰਗਤਾਂ ਵਿੱਚ ਪ੍ਰਵਾਨ ਹੋਵੇਗੀ।

# ਰੱਤੂ ਰੰਧਾਵਾ ਇਸ ਵਾਰ ਵੱਖ ਵੱਖ ਗਾਇਕਾਂ ਦੇ ਕ੍ਰਾਂਤੀਕਾਰੀ ਗੀਤਾਂ ਨਾਲ ਭਰ ਰਿਹਾ ਹੈ ਹਾਜ਼ਰੀ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਮਿਸ਼ਨ ਦੇ ਅਲੰਬਰਦਾਰ ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਆਪਣੇ ਨਵੇਂ ਲਿਖੇ ਧਾਰਮਿਕ ਤੇ ਕ੍ਰਾਂਤੀਕਾਰੀ ਗੀਤਾਂ ਨਾਲ ਇਸ ਵਾਰ ਫਿਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਸੰਗਤਾਂ ਦੀ ਕਚਹਿਰੀ ਵਿੱਚ ਵੱਖ-ਵੱਖ ਗਾਇਕਾਂ ਦੀ ਆਵਾਜ਼ ਵਿੱਚ ਸਜਾਏ ਗੀਤਾਂ ਨਾਲ ਆਪਣੀ ਹਾਜ਼ਰੀ ਭਰ ਰਿਹਾ ਹੈ । ਬੇਸ਼ੱਕ ਉਹ ਇਸ ਸਮੇਂ ਆਸਟਰੇਲੀਆ ਵਿਖੇ ਹਨ, ਪਰ ਉਹਨਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਜਲਦ ਹੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਸਬੰਧੀ ਪੰਜਾਬ ਦੀ ਧਰਤੀ ਤੇ ਆ ਕੇ ਸੰਗਤਾਂ ਦੇ ਦਰਸ਼ਨ ਕਰਨਗੇ। ਉਹਨਾਂ ਦੱਸਿਆ ਕਿ ਉਹਨਾਂ ਵਲੋਂ ਇਸ ਵਾਰ ਚਾਰ ਟਰੈਕਸ ਨੂੰ ਤਾਜ ਇੰਟਰਟੇਨਮੈਂਟ ਕੰਪਨੀ ਵਲੋਂ ਰਿਲੀਜ਼ ਕੀਤਾ ਜਾਵੇਗਾ । ਜਿਨ੍ਹਾਂ ਵਿੱਚ ਪ੍ਰੇਮ ਲਤਾ ਰੂਪ ਲਾਲ ਧੀਰ, ਜਗੀਰ ਅਤੇ ਹਰਮੇਸ਼ ਗਹੌਰ ਦੇ ਟਰੈਕ ਸ਼ਾਮਿਲ ਹਨ । ਇਸ ਤੋਂ ਇਲ-ਾਵਾ ਯੂਐਸਏ ਤੋਂ ਕੌਲ ਭਰਾਵਾਂ ਵਲੋਂ ਵੀ ਉਸ ਤੇ ਲਿਖੇ ਗੀਤਾਂ ਨੂੰ ਲਾਂਚ ਕੀਤਾ ਜਾ ਰਿਹਾ ਹੈ ,ਜਿਸ ਨੂੰ ਕੇ ਐਸ ਮੱਖਣ, ਬਖਸ਼ੀ ਬਿੱਲਾ ਨਹੀਂ ਗਾਇਆ ਹੈ। ਦੋ ਟਰੈਕ ਰਾਮ ਭੋਗਪੁਰੀਆ ਵਲੋਂ ਜਿਨ੍ਹਾਂ ਦੇ ਗਾਇਕ ਬੂਟਾ ਮੁਹੰਮਦ ਅਤੇ ਰਜਨੀ ਜੈਨ ਆਰੀਆ ਹਨ, ਲਾਂਚ ਕੀਤੇ ਜਾ ਰਹੇ ਹਨ । ਦੋ ਟਰੈਕ ਕੇ ਕੇ ਮਿਊਜ਼ਿਕ ਕੰਪਨੀ ਵਲੋਂ ਜਿਨ੍ਹਾਂ ਦੇ ਗਾਇਕ ਕੰਠ ਕਲੇਰ ਹਨ "ਚੰਨ ਚੜ੍ਹਿਆ ਪੁੰਨਿਆਂ ਦਾ" ਉਹਨਾਂ ਦੀ ਕਲਮ ਤੋਂ ਲਿਖਿਆ ਟਾਈਟਲ ਸੌਂਗ ਰਿਲੀਜ਼ ਕੀਤਾ ਜਾਵੇਗਾ। ਜਿਸ ਨੂੰ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਕ ਟਰੈਕ ਸੋਨੀਆ ਕਲੇਰ ਇਟਲੀ ਅਤੇ ਇੱਕ ਟਰੈਕ ਕਮਲ ਕਲੇਰ ਇਟਲੀ ਵਲੋਂ ਤਿਆਰ ਕੀਤਾ ਗਿਆ ਹੈ । ਜ਼ਿਕਰਯੋਗ ਹੈ ਕਿ ਰੱਤੂ ਰੰਧਾਵਾ ਦੇ ਲਿਖੇ ਹੋਏ ਮਿਸ਼ਨਰੀ ਗੀਤਾਂ "ਮੋਢੀ ਇਨ-ਕਲਾਬ ਦਾ ਕਾਂਸ਼ੀ ਵਿੱਚ ਆਇਆ" ਤੋਂ ਲੈ ਕੇ "ਲੈ ਕੇ ਬਾਬਾ ਸਾਹਿਬ ਨੇ ਦਿੱਤੇ ਸਾਨੂੰ ਹੱਕ ਬਰਾਬਰ ਦੇ" ਗੀਤਾਂ ਨੇ ਧਾਰਮਿਕ ਖੇਤਰ ਵਿੱਚ ਗੂੰਜਾਂ ਪਾਈ ਰੱਖੀਆਂ ।ਇਸ ਤੋਂ ਇਲਾਵਾ ਉਸਦੇ ਲਿਖੇ ਅਨੇਕਾਂ ਪੰਜਾਬੀ ਗੀਤ ਬਖਸ਼ੀ ਬਿੱਲਾ



ਵਲੋਂ ਗਾਇਆ "ਸੋਨੇ ਰੰਗੀਏ" ਅਤੇ ਮਨੀ ਸੰਧੂ ਦੀ ਪ੍ਰੋਡਕਸ਼ਨ ਵਿੱਚ ਗਾਇਕਾ ਪ੍ਰੇਮ ਲਤਾ ਦਾ ਗਾਇਆ "ਸੱਜਣਾ ਤੇਰੇ ਲਈ ਸਦਾ ਖੁੱਲ੍ਹੇ ਦਰਵਾਜੇ" ਵੀ ਸੁਪਰ ਡੁਪਰ ਹਿੱਟ ਰਹੇ। ਰੱਤੂ ਰੰਧਾਵਾ ਇਕ ਨਾਮਵਰ ਗੀਤਕਾਰ ਹੈ, ਜਿਸ ਦੀ ਕਲਮ ਤੇ ਹਮੇਸ਼ਾ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਮਾਣ ਰਹੇਗਾ ਤੇ ਮਿਸ਼ਨ ਦੇ ਖੇਤਰ ਵਿੱਚ ਉਸ ਦਾ ਯੋਗਦਾਨ ਹਮੇਸ਼ਾ ਆਪਣੀਆਂ ਲਿਖਤਾਂ ਜ਼ਰੀਏ ਅਮਿੱਟ ਪੈੜਾਂ ਪਾਉਂਦਾ ਰਹਿੰਦਾ ਹੈ ,ਜੋ ਆਪਣੇ ਆਪ ਵਿੱਚ ਇਕ ਵੱਡੀ ਮਿਸਾਲ ਹੈ । ਉਸ ਦੇ ਲਿਖੇ ਮਿਸ਼ਨਰੀ ਗੀਤਾਂ ਨੂੰ ਪੰਜਾਬ ਦੇ ਲਗਭਗ ਹਰ ਆਰਟਿਸਟ ਨੇ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ ਹੈ।

# ਦਲਿਤ-ਪੱਛੜੇ ਵਰਗਾਂ ਦੇ ਹਿੱਤਾਂ ਦੀ ਲਗਾਤਾਰ ਅਣਦੇਖੀ ਕਰ ਰਹੀ ਹੈ ਆਪ ਸਰਕਾਰ : ਡਾ. ਅਵਤਾਰ ਸਿੰਘ ਕਰੀਮਪੁਰੀ

## ਆਪ ਨੇ ਪੰਜ ਨਗਰ ਨਿਗਮਾਂ ਵਿੱਚੋਂ ਇੱਕ ਵੀ ਮੇਅਰ ਦੀ ਸੀਟ ਐੱਸਸੀ ਲਈ ਰਾਖਵੀਂ ਨਹੀਂ ਰੱਖੀ

**ਜਲੰਧਰ। ਬਹੁਜਨ ਸਮਾਜ ਪਾਰਟੀ** (ਬਸਪਾ) ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਹੈ ਕਿ ਆਪ ਸਰਕਾਰ ਵੱਲੋਂ ਸੂਬੇ ਵਿੱਚ ਲਗਾਤਾਰ ਦਲਿਤ-ਪੱਛੜੇ ਵਰਗਾਂ ਦੇ ਹਿੱਤਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਲਿਤਾਂ ਦੀ ਅਣਦੇਖੀ ਦਾ ਤਾਜਾ ਮਾਮਲਾ ਪੰਜ ਨਗਰ ਨਿਗਮਾਂ ਦੇ ਮੇਅਰ ਦੀ ਚੋਣ ਵਿੱਚ ਦਿਸਦਾ ਹੈ। ਇਨ੍ਹਾਂ ਪੰਜ ਨਗਰ ਨਿਗਮ ਦੇ ਮੇਅਰ ਦੀ ਸੀਟਾਂ ਵਿੱਚੋਂ ਕੋਈ ਵੀ ਦਲਿਤ ਵਰਗ ਲਈ ਰਾਖਵੀਂ ਨਹੀਂ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ 40 ਫ਼ੀਸਦੀ ਤੋਂ ਵੱਧ ਦਲਿਤਾਂ ਦੀ ਆਬਾਦੀ ਹੈ। ਆਪ ਉਨ੍ਹਾਂ ਦੀਆਂ ਵੋਟਾਂ ਤਾਂ ਲੈਣ ਲੱਗੀ ਹੋਈ ਹੈ, ਪਰ ਦਲਿਤਾਂ ਨੂੰ ਉਨ੍ਹਾਂ ਦੇ ਬਣਦੇ ਹੱਕ



ਨਹੀਂ ਦੇਣਾ ਚਾਹੁੰਦੀ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਇਹ ਵੀ ਕਿਹਾ ਕਿ ਇੱਕ ਪਾਸੇ ਲੋਕਾਂ ਵਿੱਚ ਦਿਖਾਵੇ ਲਈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀਆਂ ਤਸਵੀਰਾਂ ਲਗਾਈਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਉਨ੍ਹਾਂ ਦੇ ਪੈਰੋਕਾਰਾਂ ਦੇ ਹੱਕ ਖੋਹਣ ਦੇ ਫੈਸਲੇ ਲਏ ਜਾ ਰਹੇ ਹਨ, ਜਿਸਦੀ ਬਸਪਾ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਐੱਸਸੀ ਕਮਿਸ਼ਨ ਦਾ ਚੇਅਰਮੈਨ ਵੀ ਆਪ ਸਰਕਾਰ ਵੱਲੋਂ ਨਹੀਂ ਲਗਾਇਆ ਜਾ ਰਿਹਾ ਹੈ ਤੇ ਉਸਦੇ ਮੈਂਬਰਾਂ ਦੀ ਵੀ ਗਿਣਤੀ ਘਟਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਲਾਅ ਅਫ਼ਸਰਾਂ ਦੀ ਭਰਤੀ ਵਿੱਚ ਵੀ ਇਸੇ ਤਰ੍ਹਾਂ ਹੀ ਕੀਤਾ ਗਿਆ ਸੀ, ਜਿਸਨੂੰ ਦਲਿਤਾਂ ਦੇ ਵਿਰੋਧ ਤੋਂ ਬਾਅਦ ਆਪ ਸਰਕਾਰ ਨੂੰ ਬਦਲਣਾ ਪਿਆ। ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਦਲਿਤ-ਪੱਛੜੇ ਵਰਗਾਂ ਨੂੰ ਆਪ ਦੀਆਂ ਅਜਿਹੀਆਂ ਦਲਿਤ-ਪੱਛੜੇ ਵਰਗਾਂ ਵਿਰੋਧੀ ਨੀਤੀਆਂ ਪ੍ਰਤੀ ਸੁਚੇਤ ਹੋਣ ਅਤੇ ਵਿਰੋਧ ਜਤਾਉਣ ਦੀ ਲੋੜ ਹੈ।

# ਬਸਪਾ ਦੇ ਮਿਸ਼ਨਰੀ ਵਰਕਰ ਮਲਕੀਤ ਸਿੰਘ ਮੁਕੰਦਪੁਰੀ ਦੀ ਅੰਤਿਮ ਅਰਦਾਸ

**ਬੰਗਾ (ਚਰਨਜੀਤ ਸੱਲ੍ਹਾ )** ਆਪ ਜੀ ਨੂੰ ਬੜੇ ਹੀ ਦੁੱਖੀ ਹਿਰਦੇ ਨਾਲ ਸੂਚਿਤ ਕਰ ਰਹੇ ਹਾਂ ਕਿ ਬਸਪਾ ਦੇ ਮਿਸ਼ਨਰੀ ਵਰਕਰ ਸ ਮਲਕੀਤ ਸਿੰਘ ਮੁਕੰਦਪੁਰੀ ਪਿਛਲੇ ਦਿਨੀਂ 2 ਜਨਵਰੀ 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਮੁਕੰਦਪੁਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਭੋਗ ਪਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਆਏ ਹੋਏ ਪਤਵੰਤਿਆਂ ਵੱਲੋਂ 12.30 ਵਜੇ ਤੋਂ ਲੈਕੇ 9 ਜਨਵਰੀ 2025 ਦਿਨ ਵੀਰਵਾਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਸੋ ਬਸਪਾ ਵਰਕਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸ਼ਰਧਾਂਜਲੀ




ਸਮਾਰੋਹ ਅਤੇ ਅੰਤਿਮ ਅਰਦਾਸ ਵਿੱਚ ਜਰੂਰ ਸ਼ਾਮਲ ਹੋਵਣ। ਬਹੁਜਨ ਸਮਾਜ ਪਾਰਟੀ ਹਲਕਾ ਬੰਗਾ ਦੇ ਸਮੂਹ ਵਰਕਰ ਅਤੇ ਉਨ੍ਹਾਂ ਦੇ ਸਪੁੱਤਰ ਇਸ ਦੁੱਖ ਦੀ ਘੜੀ ਵਿੱਚ ਸੋਗ ਸਮਾਗਮ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨ।

# ਸ਼੍ਰੀ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਅਤੇ ਐਜੂਕੇਸ਼ਨ ਸੁਸਾਇਟੀ ਦਾ ਹੋਇਆ ਉਦਘਾਟਨ

## ਸਾਂਸਦ ਚੰਦਰ ਸ਼ੇਖਰ ਆਜ਼ਾਦ ਨੇ ਕੀਤਾ ਉਦਘਾਟਨ





**ਬੰਗਾ (ਚਰਨਜੀਤ ਸੱਲ੍ਹਾ)** ਸ਼੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਅਤੇ ਐਜੂਕੇਸ਼ਨਲ ਸੁਸਾਇਟੀ ਬੰਗਾ ਨਵਾਂਸ਼ਹਿਰ ਰੋਡ, ਥਾਂਦੀਆਂ (ਬੰਗਾ) ਦਾ ਉਦਘਾਟਨ ਕੀਤਾ ਗਿਆ । ਸ਼੍ਰੀ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਅਤੇ ਐਜੂਕੇਸ਼ਨ ਸੁਸਾਇਟੀ ਦਾ ਉਦਘਾਟਨ ਮੁੱਖ ਮਹਿਮਾਨ ਐਡਵੋਕੇਟ ਚੰਦਰਸ਼ੇਖਰ ਅਜ਼ਾਦ ਰਾਵਣ (ਮੈਂਬਰ ਪਾਰਲੀਆਮੈਂਟ) ਸੰਸਥਾਪਕ ਭੀਮ ਆਰਮੀ, ਅਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਨੇ ਰਿਬਨ ਕੱਟ ਕੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਗੁਰੂਆਂ ਦੀ ਯਾਦ ਵਿੱਚ ਬਣਾਏ ਇਸ ਹਸਪਤਾਲ ਵਿਚ ਗ਼ਰੀਬ, ਬੇਸਹਾਰਾ ਅਤੇ ਜਰੂਰਤਮੰਦ ਲੋਕਾਂ ਦਾ ਇਲਾਜ ਬਹੁਤ ਘੱਟ ਖਰਚੇ ਤੇ ਕੀਤਾ ਜਾਵੇਗਾ। ਉਨ੍ਹਾਂ ਦਲਿਤ ਸਮਾਜ ਇੱਕਮੁੱਠ ਹੋਣ ਦੀ ਅਪੀਲ ਵੀ ਕੀਤੀ। ਉਦਘਾਟਨ ਤੋਂ ਪਹਿਲਾਂ ਰੱਖੇ ਗਏ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ । ਭੋਗ ਉਪਰੰਤ 11ਵਜੇ ਤੋਂ 12 ਵਜੇ ਤੱਕ ਇਲ-ਾਕੇ ਦੇ ਪ੍ਰਸਿੱਧ ਢਾਡੀ ਅਤੇ ਰਾਗੀ ਜੱਥਿਆਂ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇਸ ਪ੍ਰੋਗਰਾਮ ਸਬੰਧ ਵਿੱਚ ਸਵਾਗਤ ਕਮੇਟੀ ਐਨ ਆਰ ਆਈ ਜੌਹਨ ਬੰਗਾ, ਦੀਪਕ ਪਰਾਸ਼ਰ, ਲਲਿਤ ਮਹਾਜਨ, ਪਰਮਜੀਤ ਸਿੰਘ ਭੁੱਟਾ, ਕਰਨੈਲ ਸਿੰਘ ਬੱਧਣ, ਰਾਜ ਕੁਮਾਰ ਸੂਦ ਅਤੇ ਸਮੂਹ ਐਨ.ਆਰ.ਆਈ ਵੀਰਾਂ ਨੇ ਸਮੂਹ ਸੰਗਤਾਂ ਦਾ ਸਵਾਗਤ ਕੀਤਾ । ਇਸ ਮੌਕੇ ਡਾ ਨਰੰਜਣ ਪਾਲ ਹੀਉ, ਤਰਸੇਮ ਝੱਲੀ, ਕਿਰਪਾਲ ਸਿੰਘ ਝੱਲੀ, ਡਾ ਬਲਵੀਰ ਸਿੰਘ ਬੱਲ, ਡਾ ਨਾਮਦੇਵ ਬੰਗੜ, ਡਾ ਪੰਕਜ , ਮਹਿੰਦਰ ਸਿੰਘ ਬਹਿਰਾਮ, ਸਰਪੰਚ ਸੁਰਿੰਦਰ ਪਾਲ ਸੁੰਡਾ, ਡਾ ਪਰਸ਼ੋਤਮ ਲਾਲ ਬੰਗਾ, ਡਾ ਦੇਸ ਰਾਜ, ਸੋਮ ਨਾਥ ਲੋਦੀਪੁਰ, ਮਨੋਹਰ ਬਹਿਰਾਮ, ਡਾ ਵਿਜੇ ਗੁਰੂ, ਪਰਮਜੀਤ ਮਹਿਰਮਪੁਰੀ, ਪਰਮਜੀਤ ਦੁਸਾਂਝ, ਐਡਵੋਕੇਟ ਸੰਜੀਵ ਭੌਰਾ,ਕੌਸਲਰ ਜੀਤ ਸਿੰਘ ਭਾਟੀਆ, ਕੌਸਲਰ ਹਿੰਮਤ ਤੇਜਪਾਲ, ਆਸ਼ੂ ਸਾਂਪਲਾ, ਮੇਜਰ ਸਿੰਘ ਬੀਸਲਾ ,ਸੰਗੀਤਾ ਦੇਵੀ, ਕੁਲਵਿੰਦਰ ਕੌਰ, ਮਾਸਟਰ ਮਦਨ, ਸੁਰਿੰਦਰ ਪਾਲ ਸਰਪੰਚ ਭਰੋ ਮਜਾਰਾ,ਰਾਜ ਭਰੋ ਮਜਾਰਾ ਆਦਿ ਵੀ ਹਾਜਰ ਸਨ।

# ਨਵੇਂ ਸਾਲ ਦੀ ਆਮਦ ਤੇ ਪਟਵਾਰ ਤੇ ਕਾਨੂੰਗੋ ਯੂਨੀਅਨ ਵੱਲੋਂ ਅਖੰਡ ਪਾਠ ਦੇ ਭੋਗ ਪਾਏ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਵੇਂ ਸਾਲ ਦੀ ਆਮਦ ਮੌਕੇ ਹੁਸ਼ਿਆਰਪੁਰ ਤਹਿਸੀਲ ਵਿਖੇ ਪਟਵਾਰ ਯੂਨੀਅਨ ਤੇ ਕਾਨੂੰਗੋ ਯੂਨੀਅਨ ਤੇ ਤਹਿਸੀਲ ਸਟਾਫ ਵੱਲੋਂ ਸਰਬੱਤ ਦੇ ਭਲੇ ਲਈ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਧਰਮਿੰਦਰ ਸਿੰਘ ਜੀ ਹਜੂਰੀ ਰਾਗੀ ਗੁਰੂਦੁਆਰਾ ਡੀ.ਸੀ. ਰੋਡ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀਮਤੀ ਕੋਮਲ ਮਿੱਤਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦਾ ਐਸ.ਡੀ.ਐਮ. ਹੁਸ਼ਿਆਰਪੁਰ ਸ਼੍ਰੀ ਸੰਜੀਵ ਸ਼ਰਮਾ, ਤਹਿਸੀਲਦਾਰ ਕੁਲਵੰਤ ਸਿੰਘ ਸਿੱਧੂ, ਡੀ.ਆਰ.ਓ. ਅਰਬਿੰਦ ਪ੍ਰਕਾਸ਼ ਵਰਮਾ, ਜ਼ਿਲ੍ਹਾ ਪ੍ਰਧਾਨ ਸੰਦੀਪ ਲਾਲ ਸਿੰਘ, ਤਹਿਸੀਲ ਪ੍ਰਧਾਨ ਮਨਜੀਤ ਸਿੰਘ ਗਰੇਵਾਲ, ਵਰਿੰਦਰ ਰੱਤੀ ਪ੍ਰਧਾਨ ਕਾਨੂੰਗੋ ਯੂਨੀਅਨ ਨੇ ਗੁਲਦਸਤੇ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੇ ਯੂਨੀਅਨ ਵੱਲੋਂ ਸਮਾਗਮ ਕਰਾਉਣ ਲਈ ਵਧੀਆ ਉਪਰਾਲਾ ਦੱਸਿਆ ਤੇ ਸਭ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਕਿਹਾ ਪਟਵਾਰੀ ਮਹਿਕਮਾ ਮਾਲ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਹਨਾਂ ਤੋਂ ਬਿਨ੍ਹਾਂ ਮਹਿਕਮਾ ਮਾਲ ਦੇ ਕੰਮਾਂ ਨੂੰ ਨੇਪਰੇ ਚਾੜਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਹਨਾਂ ਪਟਵਾਰੀਆਂ ਨੂੰ ਕਿਹਾ ਕਿ ਉਹ ਬਜ਼ੁਰਗਾਂ ਤੇ ਅੰਗਹੀਣਾਂ ਦੇ ਕੰਮ ਪਹਿਲ ਦੇ ਆਧਾਰ ਤੇ ਕਰਨ। ਇਸ ਮੌਕੇ ਤੇ ਪਟਵਾਰੀ ਅਮਨ ਸੈਣੀ (ਸੈਕਟਰੀ), ਗੁਰਪ੍ਰੀਤ ਕੌਰ, ਰਾਜ ਕੁਮਾਰ, ਪੁਨੀਤ ਜਿੰਦਲ, ਪ੍ਰਤੀਕ ਧਵਨ ਤੇ ਸਾਰੇ ਪਟਵਾਰੀ ਅਤੇ ਕਾਨੂੰਗੋ ਸੁਭਾਸ਼ ਚੰਦਰ, ਮਨਜੀਤ ਪਾਲ, ਬਬਿੰਦਰ ਕੁਮਾਰ, ਵਰਿੰਦਰ ਸ਼ਰਮਾ ਆਦਿ ਹਾਜ਼ਰ ਸਨ।

# ਬਾਲ ਮੌਤ ਸਮੀਖਿਆ ਵਿਸ਼ੇ 'ਤੇ ਦੋ ਰੋਜਾ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪ ਸ਼ੁਰੂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਜੀ ਦੀ ਪ੍ਰਧਾਨਗੀ ਅਤੇ ਜ਼ਿਲਾ ਟੀਕਾਕਰਨ ਅਫਸਰ ਡਾ ਸੀਮਾ ਗਰਗ ਦੀ ਅਗਵਾਈ ਹੇਠ ਦਫਤਰ ਸਿਵਲ ਸਰਜਨ ਹੁਸ਼ਿਆਰਪੁਰ ਦੇ ਟਰੇਨਿੰਗ ਹਾਲ ਵਿਖੇ ਸੀਨੀਅਰ ਮੈਡੀਕਲ ਅਫਸਰਾਂ ਅਤੇ ਮੈਡੀਕਲ ਅਫਸਰਾਂ ਦੀ ਦੋ ਦਿਨਾਂ ਬਾਲ ਮੌਤ ਦੀ ਸਮੀਖਿਆ ਸਬੰਧੀ ਟ੍ਰੇਨਿੰਗ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਸਹਾਇਕ ਸਿਵਲ ਸਰਜਨ ਡਾ ਕਮਲੇਸ਼ ਕੁਮਾਰੀ, ਬੱਚਿਆਂ ਦੇ ਰੋਗਾਂ ਦੇ ਮਾਹਰ ਡਾ ਹਰਨੂਰਜੀਤ ਕੌਰ, ਡੀਪੀਐਮ ਸ਼੍ਰੀ ਮੁਹੰਮਦ ਆਸਿਫ ਅਤੇ ਸ਼੍ਰੀਮਤੀ ਅਨੁਰਾਧਾ ਠਾਕੁਰ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦੇ ਹੋਏ ਸਿਵਲ ਸਰਜਨ ਡਾ. ਪਵਨ ਕੁਮਾਰ ਨੇ ਕਿਹਾ ਕਿ ਪੰਜ ਸਾਲ ਤੱਕ ਦੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣ ਦੇ ਮਨੋਰਥ ਨਾਲ ਦੋ ਰੋਜ਼ਾ ਸਿਖਲਾਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ੀਰੋ ਤੋਂ ਪੰਜ ਸਾਲ ਤੱਕ ਦੇ ਹਰ ਬੱਚੇ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾ ਕੇ ਉਹਨਾਂ ਨੂੰ ਖਤਮ ਕਰਨ ਦੇ ਉਦੇਸ਼ ਨਾਲ ਬਾਲ ਮੌਤ ਦੀ ਸਮੀਖਿਆ ਕੀਤੀ ਜਾਂਦੀ ਹੈ। ਉਨਾਂ ਨੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਬਲਾਕ ਪੱਧਰ ਤੇ ਬੱਚਿਆਂ ਦੀ ਮੌਤ ਦਾ ਰਿਵਿਊ ਕਰਨ ਲਈ ਇੱਕ ਨੋਡਲ ਅਫਸਰ ਨਿਯੁਕਤ ਕਰਨ ਲਈ ਕਿਹਾ ਤਾਂ ਜੋ ਸਮੇਂ ਸਿਰ ਬੱਚਿਆਂ ਦੀ ਮੌਤ ਦਾ ਕਾਰਣ ਪਤਾ ਕਰਕੇ ਸੰਸਥਾਗਤ ਪੱਧਰ ਤੇ ਆਉਣ ਵਾਲੀਆਂ ਕਮੀਆਂ ਦਾ ਨਿਦਾਨ ਕੀਤਾ ਜਾ ਸਕੇ। ਜਿਲ੍ਹਾ ਟੀਕਾਕਰਨ ਅਫਸਰ ਡਾ ਸੀਮਾ ਗਰਗ ਨੇ ਕਿਹਾ ਕਿ ਬਾਲ ਮੌਤ ਦਰ ਨੂੰ ਘਟਾਉਣਾ ਰਾਸ਼ਟਰੀ ਮਿਸ਼ਨ ਦੇ ਮੁੱਖ ਟੀਚਿਆਂ 'ਚੋਂ ਇਕ ਹੈ, ਦੇਸ਼ 'ਚ ਜਿਆਦਾਤਰ ਬਾਲ ਮੌਤਾਂ ਨੂੰ ਰੋਕਣਾ ਸੰਭਵ ਹੈ, ਜਿਸ ਲਈ ਸਿਹਤ ਵਿਭਾਗ ਵੱਲੋਂ ਬੱਚਿਆਂ ਦੀਆਂ ਮੌਤਾਂ ਦਾ ਜਾਇਜ਼ਾ ਲੈਣ ਲਈ ਇੱਕ ਤੰਤਰ ਬਣਾਇਆ ਗਿਆ ਹੈ। ਜਿਸ ਤਹਿਤ ਹਰ ਬੱਚੇ ਦੀ ਮੌਤ ਦਰ ਦੀ ਰਿਪੋਰਟ ਕੀਤੀ ਜਾਂਦੀ ਹੈ ਅਤੇ ਮੌਤ ਦੇ ਕਾਰਨਾਂ ਦੀ ਜਾਂਚ ਕਰਕੇ ਸੁਧਾਰਤਮਕ ਕਾਰਵਾਈ ਕੀਤੀ ਜਾਂਦੀ ਹੈ ਮੌਤ ਤੋਂ ਬਾਅਦ ਜੋ ਵੀ ਕਾਰਨ ਸਾਹਮਣੇ ਆਉਂਦੇ ਹਨ, ਉਨ੍ਹਾਂ ਨੂੰ ਦੂਰ ਕਰ ਕੇ ਸਿਹਤ ਪ੍ਰਣਾਲੀ ਨੂੰ ਸਕਰਾਤਮਕ ਅਤੇ ਗੁਣਾਤਮਕ ਤੌਰ ਤੇ ਸੁਧਾਰਾਂ ਦੇ ਯਤਨ ਕੀਤੇ ਜਾਂਦੇ ਹਨ। ਡਾ ਹਰਨੂਰਜੀਤ ਕੌਰ ਨੇ ਬੱਚਿਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਖਤਰੇ ਦੇ ਚਿੰਨ੍ਹ ਲੱਛਣ ਕਾਰਨ ਤੇ ਰੋਕਥਾਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਬੱਚਿਆਂ ਨੂੰ ਜਨਮ ਤੋਂ ਤੁਰੰਤ ਬਾਅਦ ਸੰਭਾਲਣ ਬਾਰੇ, ਬੱਚਿਆਂ ਦੀਆਂ ਮੌਤਾਂ ਦੇ ਨਿਦਾਨ ਲਈ ਕੀਤੇ ਜਾਣ ਵਾਲੇ ਉਪਰਾਲਿਆ ਬਾਰੇ ਅਤੇ ਨੋਡਲ ਅਫਸਰਾਂ ਰਾਹੀ ਕੀਤੀ ਜਾਣ ਵਾਲੀ ਰਿਪੋਰਟਿੰਗ ਬਾਰੇ ਜਾਣਕਾਰੀ ਦਿੱਤੀ।



for more news visit: www.samajweekly.com

## ਪੱਥਰ 'ਤੇ ਲਕੀਰ




ਸੋਹਣੀ ਹੋਵੇ ਕਿੰਨੀਂ ਭਾਵੇਂ ਬਚਦਾ ਨਾ ਕੱਖ ਫ਼ੇਰ ,
ਨਖ਼ਰਾ ਜੇ ਕੱਢ ਦੇਈਏ ਸਿਰੇ ਦੀ ਰਕਾਨ 'ਚੋਂ ।
ਫ਼ਸਲਾਂ 'ਚੋਂ ਝੋਟਾ ਕੱਢ ਸਕਦੈ ਕਿਸਾਨ ਪਰ ,
ਘਰਵਾਲ਼ੀ ਔਖੀ ਹੁੰਦੀ ਕੱਢਣੀ ਦੁਕਾਨ 'ਚੋਂ ।
ਭਾਵੇਂ ਹੱਟਾ ਕੱਟਾ ਹੋਵੇ ਅਣਖ ਜੇਕਰ ਮਿਟ ਜਾਵੇ ,
ਜਾਣੋਂ ਸਾਹ ਸਤ ਮੁੱਕ ਜਾਂਦੈ ਗੱਭਰੂ ਜਵਾਨ 'ਚੋਂ ।
ਧਰਤੀ 'ਚੋਂ ਪਾਣੀ ਕਦੇ ਮੁੱਕ ਸਕਦਾ ਏ ਐਪਰ ,
ਗੀਤ ਕਦੇ ਨਹੀਂ ਮੁੱਕਣੇ ਮਰਾੜ੍ਹਾਂ ਵਾਲ਼ੇ ਮਾਨ 'ਚੋਂ ।

**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037



## ਮਜ਼ਾ ਹੀ ਨਹੀਂ

ਵਿਛੜਨ ਦਾ ਡਰ ਨਾ ਹੋਵੇ ਤਾਂ
ਮਿਲਣ ਦਾ ਮਜ਼ਾ ਹੀ ਨਹੀਂ।

ਗੁੰਮ ਹੋਣ ਦਾ ਡਰ ਨਾ ਹੋਵੇ ਤਾਂ
ਹਾਸਿਲ ਕਰਨ ਦਾ ਮਜਾ ਹੀ ਨਹੀਂ।


ਬੁਢ਼ਾਪੇ ਦਾ ਡਰ ਨਾ ਹੋਵੇ ਤਾਂ
ਜਵਾਨੀ ਦਾ ਕੋਈ ਮਜ਼ਾ ਹੀ ਨਹੀਂ।

ਕ੍ਰੋਧ ਦਾ ਖ਼ੌਫ ਨਾ ਹੋਵੇ ਤਾਂ, ਪਿਆਰ
ਨਾਲ ਮਿਲਣ ਦਾ ਮਜ਼ਾ ਹੀ ਨਹੀਂ।

ਬਿਮਾਰੀ ਦੀ ਤਕਲੀਫ ਦਾ ਡਰ ਨਾ ਹੋਵੇ ਤਾਂ
ਤੰਦਰੁਸਤ ਰਹਿਣ ਦਾ ਮਜ਼ਾ ਹੀ ਨਹੀਂ।

ਜੰਗ ਦੀ ਤਬਾਹੀ ਦਾ ਡਰ ਨਾ ਹੋਵੇ ਤਾਂ
ਸ਼ਾਂਤੀ ਦਾ ਕੋਈ ਵੀ ਮਜ਼ਾ ਹੀ ਨਹੀਂ।


ਓਪਰਿਆਂ ਤੇ ਭਰੋਸੇ ਦਾ ਡਰ ਨਾ ਹੋਵੇ ਤਾਂ
ਆਪਣਿਆਂ ਦੇ ਹੋਣ ਦਾ ਮਜ਼ਾ ਹੀ ਨਹੀਂ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
ਮੋਬਾਈਲ 94 16 35 90 45

## ਅਜੀਬ ਦੁਨੀਆਂ

ਕੁੱਝ ਕਹਿਣ ਅਸੀਂ ਤਾਂ ਐਵੇਂ ਹੀ ਝੱਲੇ ਹੋਏ,
ਨਾ ਜਾਣਣ ਮਿਹਨਤਾਂ ਨਾਲ ਮੁਕਾਮ ਮੱਲੇ ਹੋਏ ।
ਬਚ ਬਚ ਕੇ ਹਨੇਰੀਆਂ ਝੱਖੜਾਂ ਤੋਂ ਸੀ ਰਹੇ,
ਜ਼ਿੰਦਗੀ ਸਾਡੀ ਵਿੱਚ ਬਹੁਤ ਵਾਰੀ ਹੱਲੇ ਹੋਏ ।
ਕਈ ਵਾਰੀ ਮੱਲ੍ਹਮ ਪੱਟੀ ਕਰ ਜ਼ਖਮ ਸੀਤੇ,
ਬੇਸ਼ੱਕ ਬਹੁਤੀ ਵਾਰੀ ਫਿਰ ਅੱਲੇ ਹੋਏ ।
ਕਦੇ ਕਦੇ ਤਾਂ ਆਪਣਿਆਂ ਸਾਥ ਦਿੱਤਾ,
ਪ੍ਰਵਾਹ ਬਿਲਕੁਲ ਨਾ ਕੀਤੀ ਜਦ ਇਕੱਲੇ ਹੋਏ ।
ਹਰ ਤਰਾਂ ਦੀ ਮਜ਼ਦੂਰੀ ਕਰਨੋਂ ਪਿੱਛੇ ਨਾ ਹਟੇ,
ਇਸੇ ਸੰਘਰਸ਼ ਕਰਕੇ ਹੀ ਕੋਲ ਗੱਲੇ ਹੋਏ ।
ਕੁੱਝ ਨੇ ਲੜਨ ਦੀ ਬੜੀ ਵਾਰ ਕੋਸ਼ਿਸ਼ ਕੀਤੀ,
ਨਿਮਰਤਾ ਸਹਿਤ ਬਿਨਾਂ ਵਜ੍ਹਾ ਅਸੀਂ ਥੱਲੇ ਹੋਏ ।
ਮਤਲਬ ਵੇਲੇ ਸੀ ਗ਼ੈਰਾਂ ਫਾਇਦਾ ਚੁੱਕਿਆ,
ਬਾਦ ਵਿੱਚ ਬੇਸ਼ੱਕ ਸਾਡੇ ਭਾਅ ਸਵੱਲੇ ਹੋਏ ।
ਕਾਮਯਾਬੀ ਰੋਕਣ ਲਈ ਬੜੇ ਰਾਹ ਦੇ ਰੋੜੇ ਮਿਲੇ,
ਬਿਨਾਂ ਥੱਕਿਆਂ ਹੁਣ ਵੀ ਹਨ ਯਾਰ ਚੱਲੇ ਹੋਏ ।
ਗੱਲ ਅੱਜ ਦੇ ਕਾਰਾਂ, ਮੋਟਰਾਂ ਤੇ ਜ਼ਹਾਜ਼ਾਂ ਦੀ ਨਹੀਂ,
ਮਜ਼ਬੂਰੀ ਵੇਲੇ ਸਾਇਕਲ ਵੀ ਹਨ ਦਵੱਲੇ ਹੋਏ ।
ਹਿੰਮਤ, ਮਿਹਨਤ, ਪਸੀਨਾ ਤੇ ਸਿਰੜ ਨਾ ਦੇਖਣ,
ਘਰ ਬੈਠੇ ਕਹਿਣ ਵਿਹਲੇ ਖਾ ਖਾ ਤੁਸੀਂ ਫਲ਼ੇ ਹੋਏ ।
ਭਲਿਆਂ ਨੂੰ ਕਿਹੜਾ ਸਮਝਾਵੇ ਕਿ ਬਹੁਤ ਵਾਰ,
ਨਾ ਪ੍ਰਾਤ ਵਿੱਚ ਆਟਾ ਨਾ ਬਾਲਣ ਚੁੱਲ੍ਹੇ ਹੋਏ ।
ਅਵਤਾਰ ਜਦੋਂ ਕਦੇ ਸੀ ਵਿਰਲਿਆਂ ਸਾਥ ਦਿੱਤਾ,
ਖੁਰਦਪੁਰੀਏ ਨੂੰ ਹੋਰਾਂ ਆਖਿਆ ਤੁਸੀਂ ਰਲੇ ਹੋਏ ।
ਤਰਕਸ਼ੀਲਾ ਲਾਈਲੱਗਾਂ ਨੇ ਹਰ ਵਾਰ ਕਿਹਾ,
ਕਿਸਮਤ'ਚ ਸੀ ਤਾਂ ਹੀ ਤੁਹਾਡੇ ਬੱਲੇ ਬੱਲੇ ਹੋਏ ।



**-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
06421392147

## ਧੀਆਂ

ਧੀਆਂ ਬਿਨਾਂ ਨਾ ਚੱਲਦਾ ਇਹ ਸੰਸਾਰ ਯਾਰੋ,
ਧੀ ਹੋਵੇ ਤਾਂ ਦੇਵੇ ਲੱਖ ਦੁਆਵਾਂ।
ਮੰਗਦੀ ਮਾਪਿਆਂ ਦਾ ਸੁੱਖ ਸਤਿਕਾਰ ਯਾਰੋ,
ਮਾਪਿਓ....ਧੀਆਂ ਨੂੰ ਕੁੱਖ ਵਿੱਚ ਨਾ ਮਾਰੋ।
ਧੀਆਂ ਬਾਝ ਨਾ ਸੱਜਦੀਆਂ ਮਹਿਫਲਾਂ,
ਧੀਆਂ ਕਾਰਨ ਹੀ ਚਲਦੀਆਂ ਰੈਫ਼ਲਾਂ।
ਧੀਆਂ ਹੁੰਦੀਆਂ ਸਾਂਝੀਆਂ ਜੱਗ ਦੀਆਂ,
ਤਾਈਓਂ ਮੰਨਦੇ ਮੁੰਡੇ ਦੇ ਵਿਆਹ ਤੇ ਧੀ ਧਿਆਣੀ,
ਛੋਟੀ ਹੁੰਦੀ ਨੂੰ ਮੰਨਦੇ....ਧੀ ਕੰਜ਼ਕ ਨਿਆਣੀ।
ਮਾਂ ਬਾਪ ਦੇ ਘਰ.... ਬੇਗਾਨੀ ਧੀਏ,
ਸੋਹਰੇ ਘਰ ਵੀ ਕਹਾਵੇ.... ਪਰਾਈ ਧੀਏ।
ਭਰਾਵਾਂ ਦੀ ਸੁੱਖ ਮੰਗਣ ਵਾਲੀਏ... ਜੀਵੇ ਆਪਣੀ ਸਾਹੀ,
ਸਾਰੀ ਉਮਰ ਜਿਸ ਘਰ ਲਈ ਮਰਦੀ.. ਆਖ਼ਿਰੀ... ਓਥੇ ਵੀ ਕੱਪੜਾ ਨਾਹੀਂ।
ਹਰੀ ਮਰਦੇ ਵੱਖਤ ਕੱਫ਼ਣ ਤਾਈ.... ਮਾਪਿਆਂ ਤੋਂ ਆਵੇ,
ਜਾਂਦੀ ਜਾਂਦੀ ਨੂੰ,ਮਾਪੇ ਆਪਣਾ ਆਖਰੀ... ਕਰਜ਼ ਮੁਕਾਵੇ।

**ਹਰੀ ਕ੍ਰਿਸ਼ਨ ਬੰਗਾ**
**ਜਨਰਲ ਸੈਕਟਰੀ**
**ਆਦਰਸ਼ ਸ਼ੋਸਿਲ ਵੈਲਫ਼ੇਅਰ**
**ਸੋਸਾਇਟੀ ਪੰਜਾਬ**





# ਪੰਜਾਬੀ ਭਾਸ਼ਾ ਤੇ ਸਾਹਿਤ ਦਾ ਮਾਣ- ਪ੍ਰੋ: ਗੁਰਦਿਆਲ ਸਿੰਘ

**ਜਨਮ-ਦਿਨ 'ਤੇ ਵਿਸ਼ੇਸ਼**

ਗਿਆਨਪੀਠ ਪੁਰਸਕਾਰ ਜੇਤੂ, ਪੰਜਾਬੀ ਦੇ ਉੱਘੇ ਨਾਵਲਕਾਰ ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਈ: ਨੂੰ ਪਿੰਡ ਡੇਲਿਆਂਵਾਲੀ ਜੈਤੋ ਜ਼ਿਲ੍ਹਾ ਫ਼ਰੀਦਕੋਟ ਵਿਖੇ ਪਿਤਾ ਸ੍ਰ: ਜਗਤ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖ ਤੋਂ ਹੋਇਆ। ਉਹਨਾਂ ਦੇ ਤਿੰਨ ਭਰਾ ਤੇ ਇੱਕ ਭੈਣ ਹਨ। ਘਰੇਲੂ ਕਾਰਨਾਂ ਕਰਕੇ ਬਚਪਨ ਵਿੱਚ ਸਕੂਲ ਛੱਡ ਕੇ ਅੱਠ ਸਾਲ ਤਰਖਾਣ ਦਾ ਕੰਮ ਕੀਤਾ । ਪਿਤਾ ਜਗਤ ਸਿੰਘ ਤਾਂ ਇਸ ਕਿੱਤੇ ਵਿੱਚ ਹੀ ਰੱਖਣਾ ਚਾਹੁੰਦੇ ਸਨ ਪਰ ਉਹਨਾਂ ਨੂੰ ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਉਹਨਾਂ ਨੇ ਚਿੱਤਰਕਾਰੀ (ਪੇਂਟਿੰਗ) ਤੇ ਵੀ ਹੱਥ ਰੱਖਿਆ, ਗਾਇਕੀ ਵੀ ਸ਼ੁਰੂ ਕੀਤੀ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਕੀਰਤਨ ਵੀ ਕਰਦੇ ਰਹੇ। ਪਰ ਉਹਨਾਂ ਦੇ ਮਨ ਨੂੰ ਸੰਤੁਸ਼ਟੀ ਨਾ ਮਿਲੀ । ਹੈੱਡਮਾਸਟਰ ਮਦਨ ਮੋਹਨ ਸ਼ਰਮਾ ਨੇ ਗੁਰਦਿਆਲ ਸਿੰਘ ਦੀ ਜ਼ਿੰਦਗੀ ਨੂੰ ਨਵੀਂ ਸੇਧ ਦਿੱਤੀ। ਉਹਨਾਂ ਦੀ ਅਗਵਾਈ ਵਿੱਚ ਤੇ ਦੀਵੇ ਦੀ ਲੋਅ 'ਚ ਦਿਨ-ਰਾਤ ਸ਼ਖ਼ਤ ਮਿਹਨਤ ਨਾਲ ਪੜ੍ਹਦਿਆਂ ਗੁਰਦਿਆਲ ਸਿੰਘ ਨੇ ਦਸਵੀਂ ਪਾਸ ਕੀਤੀ ਫਿਰ ਗਿਆਨੀ ਤੇ ਜੇ.ਬੀ.ਟੀ. ਕਰਨ ਉਪਰੰਤ ਅਧਿਆਪਕ ਲੱਗ ਗਏ। ਉਹਨਾਂ ਦਾ ਵਿਆਹ ਬਲਵੰਤ ਕੌਰ ਨਾਲ ਹੋਇਆ। ਉਹਨਾਂ ਦੇ ਘਰ ਇੱਕ ਲੜਕਾ ਅਤੇ ਦੋ ਲੜਕੀਆਂ ਨੇ ਜਨਮ ਲਿਆ। ਉਹਨਾਂ ਨੇ ਆਪਣੀ ਛੋਟੀ ਕਹਾਣੀ 'ਭਾਗਾਂ ਵਾਲੇ' ਤੋਂ ਇੱਕ ਕਹਾਣੀਕਾਰ ਦੇ ਤੌਰ 'ਤੇ ਸ਼ੁਰੂਆਤ ਕੀਤੀ, ਜੋ 1957 ਵਿੱਚ ਪ੍ਰੋ: ਮੋਹਨ ਸਿੰਘ ਦੇ ਰਸਾਲੇ 'ਪੰਜ ਦਰਿਆ' ਵਿੱਚ ਛਪੀ ਸੀ। ਉਹਨਾਂ ਦੇ ਪਹਿਲੇ ਕਹਾਣੀ ਸੰਗ੍ਰਹਿ 'ਸੱਗੀ ਫੁੱਲ' ਨਾਲ ਉਹ ਕਹਾਣੀਕਾਰ ਤੇ ਸੱਗੀ ਫੁੱਲ ਵਾਲੇ ਗੁਰਦਿਆਲ ਸਿੰਘ ਬਣੇ। ਗੁਰਦਿਆਲ ਸਿੰਘ ਨੇ ਉਚੇਰੀ ਵਿੱਦਿਆ ਬੀ.ਏ., ਐੱਮ.ਏ., ਕਰਕੇ ਸਰਕਾਰੀ ਨੌਕਰੀ (ਲੈਕਚਰਾਰ) ਹਾਸਲ ਕੀਤੀ। 1964 ਵਿੱਚ ਉਹਨਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ। ਉਹਨਾਂ ਦੇ ਨਾਵਲ 'ਅੱਧ ਚਾਨਣੀ ਰਾਤ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਪ੍ਰੋ: ਗੁਰਦਿਆਲ ਸਿੰਘ ਦੇ ਨਾਵਲ 'ਅੱਧ ਚਾਨਣੀ ਰਾਤ' ਅਤੇ 'ਮੜ੍ਹੀ ਦਾ ਦੀਵਾ' ਦਾ ਸਾਰੀਆਂ ਭਾਰਤੀ ਭਾਸ਼ਾਵਾਂ ਹਿੰਦੀ, ਅੰਗਰੇਜ਼ੀ, ਰੂਸੀ ਵਿੱਚ ਤਰਜ਼ਮਾ ਹੋਇਆ। ਮੜ੍ਹੀ ਦਾ ਦੀਵਾ ਨਾਵਲ ਦੀਆਂ ਰੂਸੀ ਭਾਸ਼ਾ ਵਿੱਚ ਪੰਜ ਲੱਖ ਤੋਂ ਵੱਧ ਕਾਪੀਆਂ ਛਪ ਚੁੱਕੀਆਂ ਸਨ। ਇਸ ਨਾਵਲ ਨੂੰ ਜਲੰਧਰ ਦੂਰਦਰਸ਼ਨ ਤੋਂ ਲੜੀਵਾਰ ਵੀ ਦਿਖਾਇਆ ਗਿਆ।

ਪ੍ਰੋ: ਗੁਰਦਿਆਲ ਸਿੰਘ ਨੇ ਮੜ੍ਹੀ ਦਾ ਦੀਵਾ (1964), ਅਣਹੋਏ (1966), ਕੁਵੇਲਾ (1968), ਅੱਧ ਚਾਨਣੀ ਰਾਤ (1972), ਅੰਨ੍ਹੇ ਘੋੜੇ ਦਾ ਦਾਨ (1976), ਪਰਸਾ (1991), ਆਹਟ (2008), ਰੇਤੇ ਦੀ ਇੱਕ ਮੁੱਠੀ, ਪਹੁ ਫੁਟਾਲੇ ਤੋਂ ਪਹਿਲਾਂ ਆਦਿ ਇਸ ਤੋਂ ਇਲਾਵਾ ਸੱਗੀ ਫੁੱਲ, ਕੁੱਤਾ ਤੇ ਆਦਮੀ, ਮਸਤੀ ਬੋਤਾ, ਚੰਦ ਦਾ ਬੂਟਾ, ਰੁੱਖੇ ਮਿੱਸੇ ਬੰਦੇ, ਬੇਗਾਨਾ ਪਿੰਡ, ਓਪਰਾ ਘਰ, ਕਰੀਰ ਦੀ ਢਿੰਗਰੀ, ਪੱਕਾ ਟਿਕਾਣਾ, ਮੇਲਾ ਮਣੇਸੀਆਂ ਤੇ ਹੋਰ ਅਨੇਕਾਂ ਕਹਾਣੀਆਂ ਪ੍ਰਮੁੱਖ ਰਸਾਲਿਆਂ ਵਿੱਚ ਛਪੀਆਂ।

ਪ੍ਰੋ:: ਗੁਰਦਿਆਲ ਸਿੰਘ ਨੂੰ 2012 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਸੈਨੇਟ ਮੈਂਬਰ ਨਾਮਜ਼ਦ ਕੀਤਾ ਗਿਆ ਸੀ ਅਤੇ 2014 ਵਿੱਚ ਉਹਨਾਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਡੀ.ਲਿਟ. ਦੀ ਡਿਗਰੀ



ਪ੍ਰਦਾਨ ਕੀਤੀ ਗਈ।

ਪ੍ਰੋ: ਗੁਰਦਿਆਲ ਸਿੰਘ ਨੇ ਫਰੀਦਾ ਰਾਤੀ ਵੱਡੀਆਂ, ਨਿੱਕੀ ਮੋਟੀ ਗੱਲ, ਨਿਆਣ ਮੱਤੀਆ, (ਆਤਮ ਕਥਾ-1), ਦੂਜੀ ਦੇਹੀ (ਆਤਮ ਕਥਾ-2), ਵਿਦਾਇਗੀ ਤੋਂ ਪਿੱਛੋਂ, ਪੰਜਾਬ ਦੇ ਮੇਲੇ 'ਤੇ, ਦੁਖੀਆ ਦਾਸ ਕਬੀਰ ਹੈ, ਸਤਜੁਗ ਦੇ ਆਉਣ, ਡਗਮਗ ਛਾਡ ਰੇ ਮਨ ਬਉਰਾ ਤੇ ਹੋਰ ਨਾਟਕ ਲਿਖੇ। ਉਹਨਾਂ ਬੱਚਿਆਂ ਲਈ ਟੁੱਕ ਖੋਹ ਲਏ, ਬਾਬਾ ਖੇਮਾ, ਗੱਪੀਆਂ ਦਾ ਪਿਉ ਮਹਾਂਭਾਰਤ, ਧਰਤ ਸੁਹਾਵੀ, ਤਿੰਨ ਕਦਮ, ਧਰਤੀ, ਖੱਟੇ ਮਿੱਠੇ ਲੋਕ, ਜੀਵਨ ਦਾਸੀ ਗੰਗਾ ਕਾਲੂ, ਧਰਤੀ ਜੀਵਨ, ਦਾਤੀ ਗੰਗਾ, ਕੱਤਕੀ, ਢਾਈ ਕਦਮ ਆਦਿ ਰਚਨਾਵਾਂ ਲਿਖੀਆਂ। ਉਹਨਾਂ ਮੇਰਾ ਬਚਪਨ (ਗੋਰਕੀ), ਭੁੱਲੇ ਵਿਸਰੇ (ਭਗਵਤੀਚਰਨ ਵਰਮਾ), ਮ੍ਰਿਗਨੇਨੀ (ਵਿੰਦ੍ਰਾਵਨ ਲਾਲ ਵਰਮਾ), ਜ਼ਿੰਦਗੀ ਨਾਮਾ (ਕ੍ਰਿਸ਼ਨ ਸੋਬਤੀ), ਬਿਰਾਜ ਬਹੂ (ਸ਼ਰਤ ਚੰਦਰ) ਪੁਸਤਕਾਂ ਦਾ ਅਨੁਵਾਦ ਕੀਤਾ।

ਪ੍ਰੋ: ਗੁਰਦਿਆਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਰੀਡਰ ਵੀ ਰਹੇ। 1995 ਵਿੱਚ ਉਹ ਸੇਵਾ ਮੁਕਤ ਹੋਏ। ਪ੍ਰੋ: ਸਾਹਿਬ ਦੇ ਦੋ ਨਾਵਲਾਂ 'ਮੜ੍ਹੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਦੀਆਂ ਕਹਾਣੀਆਂ 'ਤੇ ਫ਼ਿਲਮਾਂ ਵੀ ਬਣ ਚੁੱਕੀਆਂ ਸਨ। ਮੜ੍ਹੀ ਦਾ ਦੀਵਾ ਤੇ ਬਣੀ ਫ਼ਿਲਮ ਨੇ ਬੈਸਟ ਰੀਜ਼ਨਲ ਫ਼ਿਲਮ ਐਵਾਰਡ 1989 ਹਾਸਲ ਕੀਤਾ ਸੀ। ਅੰਨ੍ਹੇ ਘੋੜੇ ਦਾ ਦਾਨ ਪਹਿਲੀ ਪੰਜਾਬੀ ਫ਼ਿਲਮ ਹੈ ਜੋ 68 ਸਾਲ ਬਾਅਦ ਵੀ ਇਟਲੀ ਦੇ ਅੰਤਰਰਾਸ਼ਟਰੀ ਮੇਲੇ ਵਿੱਚ ਦਿਖਾਈ ਗਈ। ਹੋਰ ਵੀ ਕਈ ਦੇਸ਼ਾਂ ਵਿੱਚ ਦਿਖਾਈ ਜਾ ਚੁੱਕੀ ਹੈ।

ਪ੍ਰੋ: ਗੁਰਦਿਆਲ ਸਿੰਘ ਨੇ ਪੰਜਾਬੀ ਵਿੱਚ 12 ਨਾਵਲ, 10 ਕਹਾਣੀ ਸੰਗ੍ਰਹਿ, 8 ਨਾਟਕ, ਦਰਜਨ ਦੇ ਕਰੀਬ ਬਾਲ ਸਾਹਿਤ ਦੀਆਂ ਪੁਸਤਕਾਂ, 3 ਵਾਰਤਕ ਪੁਸਤਕਾਂ ਅਤੇ 4 ਰਲੀਆਂ-ਮਿਲੀਆਂ ਕਿਰਤਾਂ ਦੀ ਰਚਨਾ ਕੀਤੀ। ਉਹਨਾਂ ਦੀਆਂ 10 ਪੁਸਤਕਾਂ ਹਿੰਦੀ ਅਤੇ 3 ਨਾਵਲ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋਏ ਸਨ। ਇਸ ਤੋਂ ਇਲਾਵਾ ਉਹ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ 40 ਤੋਂ ਵੱਧ ਪੁਸਤਕਾਂ ਅਨੁਵਾਦ ਕਰ ਚੁੱਕੇ ਸਨ। ਉਹਨਾਂ ਦੇ ਨਾਵਲ ਅਣਹੋਏ, ਕੁਵੇਲਾ, ਪਹੁ ਫੁਟਾਲੇ ਤੋਂ ਪਹਿਲਾਂ, ਰੇਤੇ ਦੀ ਇੱਕ ਮੁੱਠੀ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਉਹਨਾਂ ਦੀਆਂ ਸਾਹਿਤਕ ਰਚਨਾਵਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੇ ਹਰ ਪੱਖ ਦੀਆਂ ਝਲਕਾਂ ਮਿਲਦੀਆਂ ਹਨ। ਪ੍ਰੋ: ਗੁਰਦਿਆਲ ਸਿੰਘ ਦੀਆਂ ਸਾਹਿਤਕ ਕਿਰਤਾਂ (ਰਚਨਾਵਾਂ) ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਲਈ ਮਾਰਗ ਦਰਸ਼ਨ ਬਣਨਗੀਆਂ।

ਪ੍ਰੋ: ਗੁਰਦਿਆਲ ਸਿੰਘ ਨੂੰ 1966, 1967, 1968 ਅਤੇ 1972 ਵਿੱਚ ਭਾਸ਼ਾ ਵਿਭਾਗ ਵੱਲੋਂ ਸਰਬ ਉੱਤਮ ਪੁਰਸਕਾਰ, 1975 ਵਿੱਚ ਨਾਟਕ ਸਿੰਘ ਨਾਵਲ ਪੁਰਸਕਾਰ, 1979 ਵਿੱਚ ਪੰਜਾਬੀ ਅਕਾਦਮੀ ਪੁਰਸਕਾਰ, 1986 ਵਿੱਚ ਸੋਵੀਅਤ ਨਹਿਰੂ ਪੁਰਸਕਾਰ, 1989 ਵਿੱਚ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ, 1992 ਵਿੱਚ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ, 1992 ਵਿੱਚ ਹੀ ਭਾਈ ਵੀਰ ਸਿੰਘ ਗਲਪ ਪੁਰਸਕਾਰ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), 1995 ਵਿੱਚ ਪਾਸ਼ ਪੁਰਸਕਾਰ, 1997 ਵਿੱਚ ਉੱਤਰ ਪ੍ਰਦੇਸ਼ ਹਿੰਦੀ ਸਾਹਿਤਕ ਸੰਮੇਲਨ ਸਨਮਾਨ, 1998 ਵਿੱਚ ਭਾਰਤ ਦੇ ਰਾਸ਼ਟਰਪਤੀ ਵੱਲੋਂ 'ਪਦਮ ਸ਼੍ਰੀ' ਪੁਰਸਕਾਰ, 1999 ਵਿੱਚ ਉਹਨਾਂ ਨੂੰ ਨਾਵਲ 'ਪਰਸਾ' ਲਈ ਗਿਆਨਪੀਠ ਪੁਰਸਕਾਰ, 2004 ਵਿੱਚ ਪੰਜਾਬੀ ਸਾਹਿਤ ਸ਼੍ਰੋਮਣੀ ਐਵਾਰਡ ਮਿਲ ਚੁੱਕੇ ਸਨ। ਇਹਨਾਂ ਤੋਂ ਇਲਾਵਾ ਸਕੂਲਾਂ-ਕਾਲਜਾਂ, ਸਮਾਜ-ਸੇਵੀ ਸੰਸਥਾਵਾਂ, ਸਾਹਿਤਕ ਸਭਾਵਾਂ ਵੱਲੋਂ ਵੀ ਅਨੇਕਾਂ ਮਾਣ-ਸਨਮਾਨ ਮਿਲੇ ਸਨ।

ਪ੍ਰੋ: ਗੁਰਦਿਆਲ ਸਿੰਘ ਸਾਹਿਤ ਅਕਾਦਮੀ ਭਾਰਤ ਦੀ ਸਾਹਿਤਕ ਜਨਰਲ ਕੌਂਸਲ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਵੀ ਰਹੇ ਸਨ। ਪ੍ਰੋ: ਸਾਹਿਬ ਦਾ ਨਾਂ 2015 ਵਿੱਚ 'ਲਿਮਕਾ ਬੁੱਕ ਆਫ ਰਿਕਾਰਡ' ਵਿੱਚ ਦਰਜ ਕੀਤਾ ਗਿਆ। ਉਹਨਾਂ ਦੇ ਪੰਜਾਬੀ ਦੇ ਪ੍ਰਮੁੱਖ ਅਖ਼ਬਾਰਾਂ ਅਜੀਤ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਰੋਜ਼ਾਨਾ ਸਪੋਕਸਮੈਨ, ਜਗਬਾਣੀ, ਅੱਜ ਦੀ ਆਵਾਜ਼, ਚੜ੍ਹਦੀ ਕਲਾ ਵਿੱਚ ਅਨੇਕਾਂ ਲੇਖ ਛਪੇ। ਉਹਨਾਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਹਰ ਸਮਾਗਮ ਵਿੱਚ ਅਨੇਕਾਂ ਵਾਰ ਪ੍ਰਧਾਨਗੀ ਕੀਤੀ ਤੇ ਪਰਚੇ ਪੜ੍ਹੇ।

ਪ੍ਰੋ: ਗੁਰਦਿਆਲ ਸਿੰਘ ਦੇ ਨਾਵਲ ਪਹੁ ਫੁਟਾਲੇ ਤੋਂ ਪਹਿਲਾਂ, ਮੜ੍ਹੀ ਦੀ ਦੀਵਾ ਬੋਰਡ ਤੇ ਯੂਨੀਵਰਸਿਟੀਆਂ ਦੀਆਂ ਕਲਾਸਾਂ ਵਿੱਚ ਵੀ ਪੜ੍ਹਾਏ ਜਾ ਰਹੇ ਹਨ। ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਵੱਲੋਂ ਉਹਨਾਂ ਨੂੰ ਲਾਈਫ਼ ਫੈਲੋਸ਼ਿਪ ਦਿੱਤੀ ਜਾ ਰਹੀ ਸੀ।

ਪੰਜਾਬੀ ਸਾਹਿਤ ਦਾ ਅਨਮੋਲ ਹੀਰਾ, ਪ੍ਰਸਿੱਧ ਨਾਵਲਕਾਰ ਪ੍ਰੋ: ਗੁਰਦਿਆਲ ਸਿੰਘ 16 ਅਗਸਤ 2016 ਈ: ਨੂੰ ਬਾਅਦ ਦੁਪਹਿਰ ਡੇਢ ਵਜੇ ਮੈਕਸ ਹਸਪਤਾਲ ਬਠਿੰਡਾ ਵਿਖੇ ਅਕਾਲ ਚਲਾਣਾ ਕਰ ਗਏ ਸਨ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**#1138/63-ਏ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**
**Emial. : karnialiSnghma@gmial.com**

# ਕੰਪਿਊਟਰ ਟੀਚਰ ਰੁ.ਲਦੂ ਬਾਬੇ ਦੀ ਸ਼ਰਨ ਵਿੱਚ

ਰੁ.ਲਦੂ ਨੇ ਅਜੇ ਸਵੇਰ ਦੀ ਚਾਹ ਪੀ ਕੇ ਕੌਲਾ ਧਰਿਆ ਹੀ ਸੀ ਕਿ ਦਰਾਂ ਮੂਹਰੇ ਗੱਡੀ ਰੁਕਣ ਦੀ ਆਵਾਜ਼ ਆਈ , ਕੁੰਡਾ ਖੜਕਿਆ , ਰੁ.ਲਦੂ ਨੇ ਜਾ ਕੇ ਵੇਖਿਆ , ਚਾਰ ਪੰਜ ਸੂਟਡ ਬੂਟਡ ਮੁੰਡੇ ਕੁੜੀਆਂ ਖੜ੍ਹੇ ਸਨ । ਉਸ ਦਾ ਹੈਰਾਨ ਹੋਣਾ ਸੁਭਾਵਿਕ ਸੀ। ਇਹ ਸੋਚ ਕੇ ਕਿ ਕਿਸੇ ਪੰਚ ਸਰਪੰਚ ਦਾ ਘਰ ਪੁੱਛਣਾ ਹੋਊ , ਉਨ੍ਹਾਂ ਵੱਲ ਮੁਤਰ ਮੁਤਰ ਵੇਖਣ ਲੱਗਾ ।

" ਬਾਬਾ ਜੀ ਅਸੀਂ ਕੰਪਿਊਟਰ ਟੀਚਰ ਹਾਂ ਸਾਨੂੰ ਪਟਿਆਲੇ ਤੋਂ ਰਮੇਸ਼ਵਰ ਸਿੰਘ ਨੇ ਭੇਜਿਐ ਕਿ ਰੁ.ਲਦੂ ਬਾਬੇ ਕੋ.ਲ ਤੁਹਾਡੀਆਂ ਮੰਗਾਂ ਦਾ ਅਸਲੀ ਹੱਲ ਹੈ "। ਉਨ੍ਹਾਂ ਵਿੱਚੋਂ ਇੱਕ ਨੇ ਫਰਿਆਦ ਕੀਤੀ । ਰੁ.ਲਦੂ ਨੂੰ ਸਾਰੀ ਗੱਲ ਸਮਝਣ ਵਿੱਚ ਦੇਰ ਨਾ ਲੱਗੀ ਉਹ ਉਹਨਾਂ ਨੂੰ ਆਪਣੀ ਕੱਚੀ ਜਿਹੀ ਕੋਠੜੀ 'ਚ ਲੈ ਗਿਆ । ਉਨ੍ਹਾਂ ਬਾਰੇ ਰਮੇਸ਼ਵਰ ਨਾ.ਲ ਭਾਵੇਂ ਉਸ ਦੀ ਹਰ ਰੋਜ਼ ਹੀ ਗੱਲ ਹੁੰਦੀ ਰਹਿੰਦੀ ਸੀ , ਸੰਘਰਸ਼ ਅਤੇ ਮੰਗਾਂ ਬਾਰੇ ਵੀ ਪਤਾ ਸੀ ਪ੍ਰੰਤੂ ਫੇਰ ਵੀ ਉਸ ਨੇ ਫਰਿਆਦੀਆਂ ਦੀ ਸਾਰੀ ਗੱਲ ਵੇਰਵੇ ਸਹਿਤ ਸੁਣੀ ਅਤੇ ਆਪਣਾ ਉਪਦੇਸ਼ ਦਿੱਤਾ ।

" ਪੱਤਰਕਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਅੱਜ ਹੀ ਆਪਣਾ ਇੱਕ ਬਿਆਨ ਦਾ.ਗ ਦਿਓ ਕਿ ਅਸੀਂ ਕੱਲ੍ਹ ਤੋਂ ਸਾਰਾ ਸੰਘਰਸ਼ ਸੂਬੇ ਦੇ ਨਾ.ਲ ਨਾ.ਲ ਦੇਸ਼ ਦੀ ਰਾਜਧਾਨੀ ਵਿੱਚ ਵੀ ਲੈ ਕੇ ਜਾਵਾਂਗੇ , ਭੁੱਖ ਹੜਤਾਲ ਅਤੇ ਮਰਨ ਵਰਤ ਜੰਤਰ ਮੰਤਰ 'ਤੇ ਵੀ ਰੱਖਿਆ ਜਾਵੇਗਾ ਜਿਹੜਾ 05 ਫਰਵਰੀ ਤੱਕ ਜਾਰੀ ਰਹੇਗਾ , ਬੱਸ ਫੇਰ ਵੇਖਿਓ ਸੁਪਰੀਮੋ ਦੇ ਹੱਥ "। ਅਧਿਆਪਕਾਂ ਦੇ ਫੱਟ ਸਾਰੀ ਕਹਾਣੀ ਸਮਝ ਆ ਗਈ ਉਹਨਾਂ ਨੇ ਸੌ ਸੌ ਦੇ ਨੋਟਾਂ ਦਾ ਮੱਥਾ ਟੇਕਿਆ ਅਤੇ ਆਪਣੇ ਰਾਹ ਪੈ ਗਏ । ਦੂਸਰੇ ਦਿਨ ਹੀ ਗੁਆਂਢੀ ਸੂਬੇ ਦੀ ਸਰਕਾਰ ਦਾ ਸੁਨੇਹਾ ਲੈ ਕੇ ਸਪੈਸ਼ਲ ਦੋ ਬੰਦੇ ਆਏ ਕਿ ਅਸੀਂ ਬਾਰਡਰ 'ਤੇ ਫੁੱਲਾਂ ਦੇ ਹਾਰਾਂ ਨਾ.ਲ ਤੁਹਾਡਾ ਸੁਆਗਤ ਕਰਾਂਗੇ ਪਰ ਸ਼ਰਤ ਹੈ ਕਿ ਖਨੌਰੀ ਬਾਰਡਰ ਦੀ ਥਾਂ ਹੋਰ ਕਿਸੇ ਪਾਸੇ ਦੀ ਆਇਓ , ਅਸੀਂ ਆਪ ਆਪਣੀਆਂ ਗੱਡੀਆਂ 'ਚ ਤੁਹਾਨੂੰ ਧੁਰ ਛੱਡ ਕੇ ਆਵਾਂਗੇ। ਸਾਡੇ ਸੁਪਰੀਮੋ ਨੇ ਕਿਹਾ ਹੈ ਕਿ ਜੰਤਰ ਮੰਤਰ 'ਤੇ ਉਨ੍ਹਾਂ ਦੇ ਭਗਤ ਤੁਹਾਡਾ ਸੁਆਗਤ ਤਾਂ ਕਰਨਗੇ ਹੀ ਤੁਹਾਨੂੰ ਭੀੜ ਵੀ ਇਕੱਠੀ ਕਰਕੇ ਦਿਆ ਕਰਨਗੇ ਇਸ ਤੋਂ ਇਲ-ਾਵਾ ਓਥੋਂ ਪੁਲਿਸ ਵੀ ਤੁਹਾਨੂੰ ਨਹੀਂ ਚੁੱਕੇਗੀ ਸਗੋਂ ਤੁਹਾਡੀ ਸੇਵਾ ਲਈ ਹਾਜ਼ਰ ਰਹੇਗੀ। ਸੱਚ ਮੁੱਚ ਓਸੇ ਤਰ੍ਹਾਂ ਹੀ ਹੋਇਆ । ਕੁੱਝ ਦਿਨਾਂ ਵਿੱਚ ਹੀ ਕੰਪਿਊਟਰ ਟੀਚਰਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਅਤੇ ਲਾਗੂ ਵੀ ਕਰ ਦਿੱਤੀਆਂ । ਜਦੋਂ ਉਹਨਾਂ ਨੇ ਅਧਿਆਪਕ ਏਕਤਾ ਜ਼ਿੰਦਾਬਾਦ ਦੇ ਨਾਅਰੇ ਬੁਲੰਦ ਕੀਤੇ ਤਾਂ ਆਵਾਜ਼ ਐਨੀ ਉੱਚੀ ਸੀ ਕਿ ਰੁ.ਲਦੂ ਬਾਬੇ ਦੀ ਅੱਖ ਖੁੱਲ੍ਹ ਗਈ , ਉੱਬੜ ਬਾਹੇ ਉੱਠ ਕੇ ਉਸ ਨੇ ਆਸੇ ਪਾਸੇ ਨਿਗਾਹ ਮਾਰ ਕੇ ਪਹਿਲਾਂ ਉਹ ਸੌ ਸੌ ਦੇ ਨੋਟ ਲੱਭਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਓਥੇ ਤਾਂ ਕਾਣੀ ਕੌਡੀ ਵੀ ਨਹੀਂ ਸੀ ।



**ਮੂਲ ਚੰਦ ਸ਼ਰਮਾ ਪ੍ਰਧਾਨ**
**ਪੰਜਾਬੀ ਸਾਹਿਤ ਸਭਾ ਧੂਰੀ**
**ਜਿਲ੍ਹਾ ਸੰਗਰੂਰ ।**
**9914836037**

# ਨਕੋਦਰ ਦੇ ਹਾਦਸਿਆਂ ਵਾਲੇ ਚੋਂਕ ਵਿੱਚ ਟਰੈਫਿਕ ਲਾਈਟਾਂ ਲਗਾਈਆਂ ਜਾਣ - ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ

## ਤਤਕਾਲ ਐਕਸ਼ਨ ਲੈਣ 'ਤੇ ਯੂਨੀਅਨ ਅਤੇ ਪੱਤਰਕਾਰਾਂ ਨੇ ਕੀਤੀ ਐੱਸ.ਡੀ.ਐੱਮ ਸਾਹਿਬ ਦੀ ਕੀਤੀ ਭਰਭੂਰ ਸ਼ਲਾਘਾ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦਾ ਇੱਕ ਵਫਦ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਅਗਵਾਈ ਹੇਠ ਐੱਸ.ਡੀ.ਐੱਮ ਨਕੋਦਰ ਲਾਲ ਵਿਸ਼ਵਾਸ ਪੀ.ਸੀ.ਐਸ ਨੂੰ ਸਰਬੱਤ ਦੇ ਭਲੇ ਅਤੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਮੰਗ ਪੱਤਰ ਦੇਣ ਵਾਸਤੇ ਪਹੁੰਚਿਆ। ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ, ਜ਼ਿਲ੍ਹਾ ਜਨਰਲ ਸਕੱਤਰ ਸੁਰਿੰਦਰ ਪਾਲ ਸਿੰਘ, ਕੈਸ਼ੀਅਰ ਰਾਮ ਦਾਸ ਬਾਲੂ, ਪੀ.ਆਰ.ਓ ਜਗਨ ਨਾਥ ਚਾਹਲ, ਪ੍ਰੈੱਸ ਸਕੱਤਰ ਤਰਸੇਮ ਲਾਲ ਉੱਪਲ, ਸਲਾਹਕਾਰ ਮਹਿੰਦਰ ਸਿੰਘ ਨਾਹਲ, ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਚਾਰਟਰ ਮੈਂਬਰ ਲਾਇਨ ਦਿਨਕਰ ਸੰਧੂ ਨੇ ਐੱਸ.ਡੀ.ਐੱਮ ਸਾਹਿਬ ਨੂੰ ਦੱਸਿਆ ਕਿ ਨਕੋਦਰ ਵਿਖੇ ਨਕੋਦਰ-ਜਲੰਧਰ ਚੋਂਕ (ਨੇੜੇ ਕਮਲ ਹਸਪਤਾਲ) ਵਿੱਚ ਰੋਜ਼ਾਨਾ ਭਾਰੀ ਭਰਕਮ ਟਰੈਫਿਕ ਲੰਘਦਾ ਹੈ। ਲੋਡ-ਓਵਰਲੋਡ ਟਰੱਕ, ਬੱਸਾਂ, ਕਾਰ ਬਾਈਕ ਵਾਲੇ ਚਾਲਕ ਤੇਜ਼ ਤਰਾਰ ਰਫ਼ਤਾਰ ਅਤੇ ਕਾਹਲੀ ਵਿੱਚ ਆਪਣਾ ਵਾਹਨ ਚਲਾਉਂਦੇ ਹਨ। ਚੋਂਕ ਵਿੱਚ ਟਰੈਫਿਕ ਲਾਈਟਾਂ, ਰਾਊਂਡ ਅਬਾਊਟ, ਟਰੈਫਿਕ ਮੁਲਾਜਮਾਂ, ਹਾਈਲਾਈਟਰ ਦੀ ਵਿਵਸਥਾ ਨਾ ਹੋਣ ਕਾਰਣ ਨਿੱਤ ਹਾਦਸੇ ਹੁੰਦੇ ਹਨ। ਲੋਕਾਂ ਦੀ ਜਾਨ ਜਾਣ ਦਾ ਖੌਅ ਦਿਨ ਰਾਤ ਬਣਿਆ ਰਹਿੰਦਾ ਹੈ। ਧੁੰਦ ਦੇ ਦਿਨ ਹੋਣ ਕਾਰਣ ਖਤਰਾ ਹੋਰ ਵੱਧ ਜਾਂਦਾ ਹੈ। ਲੋਕਾਂ ਵੱਲੋਂ ਵਾਹਨਾਂ ਦੇ ਵਜਾਏ ਜਾਂਦੇ ਹਾਰਨ ਕਮਲ ਹਸਪਤਾਲ ਦੇ ਮਰੀਜਾਂ ਨੂੰ ਅਤਿਅੰਤ ਪ੍ਰੇਸ਼ਾਨ ਕਰਦੇ ਹਨ। ਨੰਬਰਦਾਰ ਯੂਨੀਅਨ ਵੱਲੋਂ ਮੰਗ ਪੱਤਰ ਸਵੀਕਾਰ ਕਰਨ ਉਪਰੰਤ ਐੱਸ.ਡੀ.ਐੱਮ ਸਾਹਿਬ ਨੇ ਤੁਰੰਤ ਐਕਸ਼ਨ ਲੈਂਦਿਆ ਡੀ.ਐਸ.ਪੀ ਸੁਖਪਾਲ ਸਿੰਘ ਅਤੇ ਨੈਸ਼ਨਲ ਹਾਈਵੇ



**ਐੱਸ.ਡੀ.ਐੱਮ ਲਾਲ ਵਿਸ਼ਵਾਸ ਜੀ ਨੂੰ ਮੰਗ ਪੱਤਰ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਅਤੇ ਨੰਬਰਦਾਰ ਯੂਨੀਅਨ ਦੇ ਸਿਪਾਸਿਲਾਰ।**

ਅਥਾਰਟੀ ਦੇ ਅਫਸਰਾਂ ਆਦਿ ਨਾਲ ਸੰਪਰਕ ਸਾਧਿਆ, ਲਿਖਤੀ ਤੌਰ 'ਤੇ ਸਰਕਾਰੀ ਹੁਕਮ ਵੀ ਜਾਰੀ ਕੀਤੇ। ਤਤਕਾਲ ਐਕਸ਼ਨ ਲੈਣ 'ਤੇ ਯੂਨੀਅਨ ਅਤੇ ਪੱਤਰਕਾਰ ਸਹਿਬਾਨਾਂ ਨੇ ਐੱਸ.ਡੀ.ਐੱਮ ਸਾਹਿਬ ਦੀ ਭਰਭੂਰ ਸ਼ਲਾਘਾ ਕੀਤੀ। ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ ਨੇ ਕਿਹਾ ਕਿ ਅਫਸਰਾਂ ਵੱਲੋਂ ਝੱਟਪਟ ਐਕਸ਼ਨ ਲੈਣੇ ਫਿਲਮਾਂ ਵਿੱਚ ਹੀ ਦੇਖਿਆ ਜਾਂਦਾ ਸੀ, ਅੱਜ ਅੱਖੀਂ ਵੀ ਦੇਖ ਲਿਆ। ਉਹਨਾਂ ਕਿਹਾ ਕਿ ਜੇਕਰ ਹਰ ਸਰਕਾਰੀ ਸੀਟ 'ਤੇ ਬੈਠਾ ਸਰਕਾਰੀ ਅਫਸਰ ਝੱਟਪਟ ਲੋਕ ਹਿਤ ਵਿੱਚ ਫੈਸਲੇ ਲਵੇ ਤਾਂ ਪੰਜਾਬ ਸਵਰਗ ਬਣ ਜਾਵੇ। ਨੰਬਰਦਾਰ ਯੂਨੀਅਨ ਨੇ ਜਦੋਂ ਨੰਬਰਦਾਰ ਸਹਿਬਾਨਾਂ ਦੇ ਮਾਣ ਭੱਤਾ ਦੇਰੀ ਨਾਲ ਮਿਲਣ ਦੀ ਗੱਲ ਕੀਤੀ ਤਾਂ ਐੱਸ.ਡੀ.ਐੱਮ ਸਾਹਿਬ ਨੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਯੂਨੀਅਨ ਦੇ ਸਾਹਮਣੇ ਹੀ ਬੁਲਾਇਆ ਅਤੇ ਜਿੱਥੇ ਨੰਬਰਦਾਰਾਂ ਨੂੰ ਮਾਣ ਭੱਤਾ ਸਮੇਂ ਸਿਰ ਦੇਣ ਦੇ ਹੁਕਮ ਜਾਰੀ ਕੀਤੇ ਉੱਥੇ ਇੱਕ ਹਫ਼ਤੇ ਵਿੱਚ ਰੋਕਿਆ ਹੋਇਆ ਮਾਣ ਭੱਤਾ ਜਾਰੀ ਕਰਨ ਦੀ ਸਖਤ ਹਦਾਇਤ ਵੀ ਦਿੱਤੀ। ਬਾਅਦ ਵਿੱਚ ਯੂਨੀਅਨ ਦੇ ਸਿਪਾਸਿਲਾਰਾਂ ਨੇ ਡੀ.ਐਸ.ਪੀ ਸੁਖਪਾਲ ਸਿੰਘ ਨਾਲ ਵੀ ਮੁਲਾਕਾਤ ਕੀਤੀ। ਉਹਨਾਂ ਨੇ ਪੱਕੇ ਤੌਰ ਟਰੈਫਿਕ ਮੁਲਾਜਮ ਤਾਇਨਾਤ ਕਰਨ ਦੇ ਹੁਕਮ ਜਾਰੀ ਕੀਤੇ।

# ਸਫਾਈ ਕਰਮਚਾਰੀਆਂ ਦੀ ਸੁਰੱਖਿਆ ਲਈ ਸ਼ੁਰੂ ਕੀਤਾ ਗਿਆ 'ਸਫਾਈ ਮਿੱਤਰ ਸੁਰੱਖਿਆ ਚੈਲੇਂਜ 2025'

## ਸੀਵਰ ਸਫਾਈ ’ਚ ਮੈਨੂਅਲ ਐਂਟਰੀ ’ਤੇ ਮੁਕੰਮਲ ਪਾਬੰਦੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਗਰ ਨਿਗਮ ਹੁਸ਼ਿਆਰਪੁਰ ਦੇ ਕਮਿਸ਼ਨਰ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਵਲੋਂ ਸਫਾਈ ਕਰਮਚਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ‘ਸਫਾਈ ਮਿਤਰ ਸੁਰੱਖਿਆ ਚੈਲੇਂਜ 2025’ ਸ਼ੁਰੂ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ ਸੀਵਰਮੈਨਾਂ ਵਲੋਂ ਸੀਵਰ ਦੀ ਮੈਨੂਅਲ ਐਂਟਰੀ ’ਤੇ ਪੂਰੀ ਤਰ੍ਹਾਂ ਤੋਂ ਰੋਕ ਲਗਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਨੂੰ ਬਿਨ੍ਹਾਂ ਪੂਰਨ ਸੁਰੱਖਿਆ ਗਿਅਰ ਤੋਂ ਸੀਵਰ ਦੇ ਮੈਨਹੋਲ ਵਿਚ ਉਤਾਰਨ ਦੀ ਆਗਿਆ ਨਹੀ ਹੈ ਅਤੇ ਸੀਵਰ ਦੀ ਸਫਾਈ ਕੇਵਲ ਮਸ਼ੀਨਾ ਰਾਹੀਂ ਕੀਤੀ ਜਾਵੇਗੀ। ਨਗਰ ਨਿਗਮ ਕਮਿਸ਼ਨਰ



ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਵਲੋਂ ਇਨ੍ਹਾਂ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਆਮ ਜਨਤਾ ਵੀ ਇਸ ਮੁਹਿੰਮ ਵਿਚ ਆਪਣੀ ਭਾਗੀਦਾਰੀ ਦੇ ਸਕਦਾ ਹੈ। ਜੇਕਰ ਉਨ੍ਹਾਂ ਦੇ ਆਸਪਾਸ ਕੋਈ ਵਿਅਕਤੀ ਬਿਨ੍ਹਾਂ ਸੁਰੱਖਿਆ ਉਪਰਕਣਾਂ ਤੋਂ ਸੀਵਰ ਦੀ ਸਫਾਈ ਕਰਦਾ ਦਿਖਾਈ ਦੇਵੇ ਜਾਂ ਸੀਵਰ ਸਬੰਧੀ ਕੋਈ ਹੋਰ ਸਮੱਸਿਆ ਹੋਵੇ ਤਾਂ ਹੈਲਪਲਾਈਨ ਨੰਬਰ 14420, ਨਗਰ ਨਿਗਮ ਦਫ਼ਤਰ ਦੇ ਫੋਨ ਨੰਬਰ 01882-229687 ਅਤੇ ਮੋਬਾਇਲ ਨੰਬਰ 94634-97791 ’ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿਚ ਜਾਗਰੂਕਤਾ ਲਈ ਪੋਸਟਰ ਅਤੇ ਫਲੈਕਸ ਲਗਾਏ ਗਏ ਹਨ, ਜੋ ਲੋਕਾਂ ਨੂੰ ਸੀਵਰ ਸਫਾਈ ਨਾਲ ਸਬੰਧਤ ਨਿਯਮਾਂ ਅਤੇ ਸਾਵਧਾਨੀਆਂ ਦੇ ਬਾਰੇ ਵਿਚ ਜਾਗਰੂਕ ਕਰ ਰਹੇ ਹਨ। ਇਸ ਦੌਰਾਨ ਸੰਯੁਕਤ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਵੀ ਮੌਜੂਦ ਸਨ।


# ਬੁੱਧ ਚਿੰਤਨ: ਕੀ ਦਲਿਤ ਭਾਈਚਾਰਾ ਆਪਣੀ ਸ਼ਕਤੀ ਪਹਿਚਾਣੇਗਾ?

ਸਾਡੇ ਸਮਾਜ ਵਿਚ ਸਭ ਤੋਂ ਵਧੇਰੇ ਸ਼ਕਤੀ ਦਲਿਤ ਸਮਾਜ ਦੇ ਕੋਲ਼ ਹੈ ਪਰ ਇਹ ਭਾਈਚਾਰਾ ਵੱਖ-ਵੱਖ ਖੇਮਿਆਂ ਵਿੱਚ ਵੰਡਿਆ, ਅਨਪੜ੍ਹ ਤੇ ਗੈਰ-ਸੰਗਠਿਤ ਹੋਣ ਕਰਕੇ ਹਰ ਪਾਸੇ ਤੋਂ ਮਾਰ ਖਾ ਰਿਹਾ ਹੈ । ਇਸ ਵਰਗ ਦੀ ਸਮਾਜ, ਧਰਮ, ਆਰਥਿਕਤਾ ਤੇ ਰਾਜਨੀਤੀ ਵਿੱਚ ਉਹ ਨੁਮਾਇੰਦਗੀ ਨਹੀਂ ਹੈ ਜੋ ਹੋਣੀ ਚਾਹੀਦੀ ਹੈ। ਦੁਖ ਦੀ ਗੱਲ ਇਹ ਹੈ ਕਿ ਇਹ ਸਮਾਜ ਇੱਕਜੁੱਟ ਵੀ ਨਹੀਂ। ਇਹਨਾਂ ਨੂੰ ਆਪਣੀ ਸ਼ਕਤੀ ਦਾ ਇਲਮ ਨਹੀਂ ਕਿ ਉਹ ਹੁਣ ਅਖੌਤੀ ਉੱਚ ਜਾਤੀਏ ਲੋਕਾਂ ਦੇ ਸੇਵਾਦਾਰ ਨਹੀਂ ਸਗੋਂ ਬਰਾਬਰ ਦੇ ਭਾਈਵਾਲ ਹਨ। ਉਨ੍ਹਾਂ ਕੋਲ਼ ਹਰ ਤਰ੍ਹਾਂ ਦੀ ਸ਼ਕਤੀ ਹੈ, ਜਿਸ ਨੂੰ ਇੱਕ ਮੰਚ 'ਤੇ ਇੱਕਠੇ ਕਰਨ ਦੀ ਲੋੜ ਹੈ। ਸੰਸਾਰ ਦਾ ਹਰ ਛੇਵਾਂ ਮਨੁੱਖ ਭਾਰਤੀ ਤੇ ਦਲਿਤ ਹੈ, ਜਿਸ ਨੂੰ ਅਛੂਤ ਸਮਝਿਆ ਜਾਂਦਾ ਹੈ। ਭਾਰਤ ਵਿੱਚ ਪੈਂਤੀ ਸੌ ਸਾਲਾ ਤੋਂ ਚਲਿਆ ਆ ਰਿਹਾ ਜਾਤ ਪਾਤ ਦਾ ਸਿਸਟਮ ਅੱਜ ਵੀ ਮਨੁੱਖਤਾ ਦੇ ਨਾਂ 'ਤੇ ਧੱਬਾ ਹੈ । ਭਾਰਤ ਵਿਚ ਦਲਿਤਾਂ ਦੀ ਆਬਾਦੀ 16.5. ਫੀ ਸਦੀ ਹੈ ਜੋ ਦੁਨੀਆਂ ਵਿੱਚ ਅਮਰੀਕਾ ਅਤੇ ਫਰਾਂਸ ਦੀ ਕੁੱਲ ਫੀਸਦ ਤੋਂ ਤਿੰਨ ਗੁਣਾ ਵੱਧ ਹਨ। ਇਹ ਸੱਚ ਨਰੇਂਦਰ ਯਾਦਵ ਦੀ ਸਵੈਜੀਵਨੀ 'ਦਾਮੂ ਅਛੂਤ ਅਤੇ ਉਸ ਦੀ ਔਲਾਦ' ਜੀਵਨਨਾਮੇ ਵਿੱਚ ਦਰਜ ਹੈ। ਭਾਰਤੀ ਸਮਾਜ ਵਿੱਚ 10 ਹਜ਼ਾਰ ਜਾਤਾਂ ਤੇ ਉਪ ਜਾਤਾਂ ਹਨ ਜਦਕਿ ਇਕੱਲੇ ਦਲਿਤ ਸਮਾਜ ਵਿੱਚ ਇਨ੍ਹਾਂ ਦੀ ਗਿਣਤੀ ਛੇ ਹਜ਼ਾਰ ਪੰਜ ਸੌ ਦੇ ਕਰੀਬ ਦੱਸੀ ਜਾਂਦੀ ਹੈ। ਸਾਡਾ ਦੇਸ਼ ਬਹੁਤ ਸਮਾਂ ਗੁਲਾਮ ਰਹਿਣ ਕਰਕੇ ਸਾਡੀ ਸਮੁੱਚੀ ਮਾਨਸਿਕਤਾ ਵੀ ਇਸ ਕਦਰ ਗੁਲਾਮ ਹੋ ਗਈ ਹੈ ਕਿ ਅਸੀਂ ਜਾਤ ਪਾਤ ਦੇ ਸਿਸਟਮ ਵਿੱਚ ਬੁਰੀ ਤਰ੍ਹਾਂ ਜਕੜੇ ਗਏ ਹਾਂ ਅਤੇ ਹੁਣ ਤੱਕ ਇਸ ਖਲਜਗਣ ਵਿਚੋਂ ਨਿਕਲ ਨਹੀਂ ਸਕੇ। ਇਸੇ ਕਰਕੇ ਸਾਡੇ ਦੇਸ਼ ਵਿੱਚ ਹੋਰ ਕਈ ਤਰ੍ਹਾਂ ਦੇ ਇਨਕਲਾਬ ਤਾਂ ਆਏ, ਜਿਵੇਂ 'ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ ਤੇ ਨੀਲੀ ਕ੍ਰਾਂਤੀ' ਪਰ ਸਮਾਜ ਵਿੱਚ ਜਾਤ ਪਾਤ ਨੂੰ ਖਤਮ ਕਰਨ ਲਈ ਅਜਿਹੀ ਕੋਈ ਵੀ ਕ੍ਰਾਂਤੀ ਨਹੀਂ ਆਈ, ਜਿਸ ਨੇ ਇਸ ਢਾਂਚੇ ਨੂੰ ਤਹਿਸ ਨਹਿਸ ਕੀਤਾ ਹੋਵੇ। ਇਸ ਕ੍ਰਾਂਤੀ ਦੇ ਨਾ ਆਉਣ ਦੇ ਮੂਲ ਕਾਰਨਾਂ ਵਿੱਚੋਂ ਇਕ ਵੱਡਾ ਕਾਰਨ ਇਹ ਵੀ ਸੀ ਕਿ ਲੜਨ ਦਾ ਕੰਮ ਕੇਵਲ ਕੱਸ਼ਤਰੀ ਕੋਲ਼ ਸੀ, ਦਲਿਤ ਦਾ ਕੰਮ ਉਨ੍ਹਾਂ ਦੀ ਸੇਵਾ ਕਰਨਾ ਸੀ, ਨਾ ਕਿ ਲੜਨਾ। ਭਾਰਤ ਦੇ ਮੂਲ਼ ਨਿਵਾਸੀਆਂ ਨੂੰ ਆਰੀਅਨਾਂ ਨੇ ਖਦੇੜ ਕੇ ਭਾਰਤ ਦੇ ਦੱਖਣ ਵੱਲ ਧੱਕ ਦਿੱਤਾ ਤੇ ਇਨ੍ਹਾਂ ਦੀਆਂ ਜ਼ਮੀਨਾਂ ਤੇ ਜਾਇਦਾਦਾਂ ਉੱਤੇ ਅਜਿਹਾ ਕਬਜ਼ਾ ਕੀਤਾ ਕਿ ਅੱਜ ਵੀ ਉਹ ਬਰਕਰਾਰ ਹੈ। ਭਾਰਤ ਦੇ ਪੂਰੇ ਇਤਿਹਾਸ ਵਿੱਚ ਸਿੱਖ ਧਰਮ ਤੋਂ ਬਿਨਾਂ ਕਿਸੇ ਵੀ ਧਰਮ ਨੇ ਉਹਨਾਂ ਨਿੱਕੀਆਂ, ਦੱਬੀਆਂ, ਕੁਚਲੀਆਂ ਤੋਂ ਖੇਰੂੰ-ਖੇਰੂੰ ਹੋਈਆਂ ਜਾਤਾਂ ਨੂੰ ਗਲ਼ ਨਾਲ਼ ਨਹੀਂ ਲਾਇਆ ਪਰ ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ, ਸੰਗਤ ਤੇ ਪੰਗਤ ਦਾ ਜਿਹੜਾ ਢਾਂਚਾ ਸ਼ੁਰੂ ਕੀਤਾ, ਉਸ ਨੇ ਹੈਂਕੜਬਾਜ਼ ਸਵਰਨ ਹਿੰਦੂਆਂ ਦੀ ਹਿੱਕ 'ਤੇ ਮੂੰਗ ਤਾਂ ਭਾਂਵੇਂ ਦਲ਼ੇ ਪਰ ਗੁਰੂ ਸਾਹਿਬਾਨ ਨੂੰ ਇਸਦਾ ਮੁੱਲ ਆਪਣੀਆਂ ਜਾਨਾਂ ਵਾਰ ਕੇ ਤਾਰਨਾ ਪਿਆ । ਇਸਦਾ ਨਤੀਜਾ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਦੇ ਰੂਪ ਵਿੱਚ ਨਿਕਲਿਆ। ਇਹ ਸਿਲਸਿਲਾ 9ਵੇਂ ਗੁਰੂ ਦੀ ਸ਼ਹੀਦੀ ਤੋਂ ਬਾਅਦ 10ਵੇਂ ਗੁਰੂ ਜੀ ਦੇ ਜੀਵਨ ਵਿੱਚ ਸਰਬੰਸ ਵਾਰਨ ਤੱਕ ਪੁੱਜ ਗਿਆ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਦੀਆਂ ਦੱਬੀਆਂ ਕੁੱਚਲੀਆਂ, ਲਤਾੜੀਆਂ ਤੇ ਅਛੂਤ ਕੌਮਾਂ ਨੂੰ ਆਪਣੀ ਫੌਜ ਵਿੱਚ ਸ਼ਾਮਲ ਹੀ ਨਹੀਂ ਸੀ ਕੀਤਾ ਸਗੋਂ ਉਹਨਾਂ ਨੂੰ ਆਪਣੀ ਹਿੱਕ ਨਾਲ਼ ਲਾ ਕੇ ਰੱਖਿਆ । ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਦਿੱਲੀ ਚਾਂਦਨੀ ਚੌਂਕ ਵਿੱਚੋਂ ਗੁਰੂ ਜੀ ਦਾ ਸੀਸ ਲੈ ਕੇ ਆਉਣ ਵਾਲ਼ੇ ਭਾਈ ਜੈਤਾ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਦੇ ਖ਼ਿਤਾਬ ਨਾਲ਼ ਸਤਿਕਾਰਿਆ ਤੇ ਉਸਨੂੰ ਖਾਲਸਾ ਫੌਜ ਦਾ ਮੁਖੀ ਥਾਪ ਦਿੱਤਾ ਸੀ । ਉਹ ਗੁਰੂ ਜੀ ਦਾ ਅੰਗ ਰੱਖਿਅਕ ਵੀ ਸੀ । ਹਰ ਵੇਲੇ ਗੁਰੂ ਜੀ ਨਾਲ਼ ਪਰਛਾਵੇਂ ਵਾਂਢੂ ਰਹਿੰਦਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਮਧਕਾਲੀ ਸਮਾਜ ਵਿੱਚ ਅਛੂਤ ਮੰਨੀਆਂ ਜਾਂਦੀਆਂ ਇਹਨਾਂ ਕੌਮਾਂ ਨੂੰ ਆਪਣੀ ਫੌਜ ਵਿੱਚ ਸ਼ਾਮਲ ਕਰਕੇ 'ਹਿੰਦੂਸ਼ਾਹੀ' ਦੇ ਵਿਰੁੱਧ ਮੋਰਚਾਬੰਦੀ ਸ਼ੁਰੂ ਕੀਤੀ । 1699 ਦੀ ਵਿਸਾਖੀ ਮੌਕੇ ਜਦੋਂ ਗੁਰੂ ਜੀ ਨੇ ਹਜ਼ਾਰਾਂ ਲੋਕਾਂ ਦੇ ਇਕੱਠ ਵਿੱਚ ਖੜ੍ਹੇ ਹੋ ਕੇ ਪੰਜ ਸੀਸ ਮੰਗੇ ਤਾਂ ਇਨ੍ਹਾਂ ਵਿਚ ਦੱਬੀਆਂ-ਕੁਚਲੀਆਂ ਤੇ ਲਤਾੜੀਆਂ ਕੌਮਾਂ ਦੇ ਪੰਜ ਸਿੱਖ ਉਨ੍ਹਾਂ ਲਈ ਆਪਣਾ ਆਪਾ ਵਾਰਨ ਵਾਲ਼ਿਆਂ ਦੇ ਮੋਹਰੀ ਬਣੇ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਇਨ੍ਹਾਂ ਦੇ ਹੱਥੋਂ ਆਪ ਵੀ ਖੰਡੇ ਦੀ ਪਾਹੁਲ ਲੈ ਲਈ ਤੇ ਗੁਰੂ ਅਤੇ ਸਿੱਖ ਦਾ ਇੱਕੋ ਦਰਜਾ ਹੋਣਾ ਸਾਬਤ ਕਰਕੇ ਸਮਾਜ ਵਿਚ ਇੱਕ ਅਨੋਖਾ ਬਿੰਬ ਸਿਰਜ ਦਿੱਤਾ ਕੀਤਾ । ਇਹ ਉਹ ਸਿਧਾਂਤ ਹੈ ਤੇ ਮਨੁੱਖੀ ਆਜ਼ਾਦੀ ਦਾ ਉਹ ਫਲਸਫਾ ਹੈ, ਜਿਹੜਾ ਅੱਜ ਤੀਕ ਕਿੱਧਰੇ ਵੀ ਕਿਸੇ ਕੌਮ, ਧਰਮ ਤੇ ਦੇਸ਼ ਅੰਦਰ ਨਜ਼ਰ ਨਹੀਂ ਆਉਦਾ। ਗੁਰੂ ਸਾਹਿਬਾਨ ਨੇ ਸਮਾਜ ਵਿੱਚੋਂ ਜਾਤ-ਪਾਤ ਦੇ ਕੋਹੜ ਨੂੰ ਖ਼ਤਮ ਕਰਨ ਦਾ ਬੀੜਾ ਚੁੱਕਿਆ ਸੀ । ਇਹ ਕੋਹੜ ਖਤਮ ਕਰਨ ਦਾ ਜਿਹੜਾ ਸਾਧਨ ਉਨ੍ਹਾਂ ਨੇ ਆਪਣਾਇਆ ਸੀ ਉਹ ਸਮੁੱਚੀ ਮਨੁੱਖਤਾ ਨੂੰ ਆਪਸ ਵਿੱਚ ਜੋੜਦਾ ਸੀ । ਬੀਤੀਆਂ ਚਾਰ ਸਦੀਆਂ ਦੌਰਾਨ ਸਿੱਖਾਂ ਵੱਲੋਂ ਮਨੁੱਖੀ ਆਜ਼ਾਦੀ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਵਿੱਚ ਵਧੇਰੇ ਯੋਗਦਾਨ ਦਲਿਤ ਸ਼੍ਰੇਣੀਆਂ ਦਾ ਹੀ ਰਿਹਾ ਹੈ, ਪ੍ਰੰਤੂ ਜਦੋਂ ਇਨ੍ਹਾਂ ਸ਼੍ਰੇਣੀਆਂ ਨੂੰ ਗੁਰੂ ਪੰਥ ਵਿੱਚ ਕੋਈ ਥਾਂ ਦੇਣੀ ਹੁੰਦੀ ਹੈ ਤਾਂ ਇਨ੍ਹਾਂ ਨੂੰ 'ਖਾਲਸਾ' ਕਹਿ ਕੇ ਵਡਿਆਇਆ ਤਾਂ ਜਾਂਦਾ ਹੈ ਪਰ ਵਾਹ ਲਗਦੇ ਕੋਈ ਜ਼ੁੰਮੇਵਾਰੀ ਦੇਣ ਤੋਂ ਗ਼ੁਰੇਜ਼ ਹੀ ਕੀਤਾ ਜਾਂਦਾ ਹੈ॥



ਤਸਵੀਰ ਰਵੀ ਦੀਪ, ਲੁਧਿਆਣਾ

ਜਿਸ ਦੌਰ ਵਿੱਚੋਂ ਹੁਣ ਸਿੱਖ ਧਰਮ ਲੰਘ ਰਿਹਾ ਹੈ ਉਸ ਵਿੱਚ 'ਜੱਟਵਾਦ' ਦਾ ਵਧੇਰੇ ਬੋਲਵਾਲਾ ਹੈ । ਇਸੇ ਕਰਕੇ ਦੱਬੀਆਂ ਕੁਚਲੀਆਂ ਕੌਮਾਂ ਖਾਸ ਕਰਕੇ ਦਲਿਤ ਸ਼੍ਰੇਣੀਆਂ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਾ ਸੋਸ਼ਣ ਸ਼ਾਇਦ ਹੀ ਕਿਸੇ ਹੋਰ ਕੌਮ ਵਿੱਚ ਹੀ ਹੁੰਦਾ ਹੋਵੇਗਾ। ਵਿਆਨਾ ਵਿੱਚ ਵਾਪਰੀ ਮੰਦਭਾਗੀ ਦੁਰਘਟਨਾ ਤੋਂ ਬਾਅਦ ਜਿਹੜਾ ਜਵਾਰਭਾਟਾ ਦਲਿਤ ਸਮਾਜ ਨੇ ਸਮਾਜ ਵਿੱਚ ਲਿਆਂਦਾ ਸੀ ਭਾਵੇਂ ਉਸਦੀ ਅਗਵਾਈ ਕਿਸੇ ਯੋਗ ਵਿਅਕਤੀ ਦੇ ਹੱਥ ਨਹੀਂ ਸੀ ਫਿਰ ਵੀ ਇਸਨੇ ਇਕ ਪਲ ਵਿੱਚ ਹੀ ਸਮੁੱਚੇ ਸਰਕਾਰੀ ਢਾਂਚੇ ਨੂੰ ਤਹਿਸ ਨਹਿਸ ਕਰ ਦਿੱਤਾ ਸੀ। ਇਸੇ ਹੀ ਤਰ੍ਹਾਂ ਜਦੋਂ ਦਿੱਲੀ ਵਿਚ ਗੁਰੂ ਰਵੀਦਾਸ ਜੀ ਦਾ ਮੰਦਰ ਢਾਹਿਆ ਗਿਆ ਤਾਂ ਦੇਸ਼ ਇੱਕ ਵਾਰ ਫਿਰ ਤੂਫ਼ਾਨ ਉਠਿਆ । ਇਹ ਤੂਫ਼ਾਨ ਕਿਉਂ ਉਠ ਰਹੇ ਹਨ ? ਇਸ ਦੇ ਸਮਾਜਕ ਤੇ ਮਨੋਵਿਗਿਆਨਕ ਕਾਰਨਾਂ ਨੂੰ ਸਮਝਣ ਦੀ ਲੋੜ ਹੈ। ਜਿਵੇਂ ਫਰਾਂਸ ਦੀ ਕ੍ਰਾਂਤੀ ਸਬੰਧੀ ਨਿਪੋਲੀਅਨ ਬੋਨਾ-ਪਾਰਟ ਲਿਖਦਾ ਹੈ- 'ਅਜ਼ਾਦੀ ਲੋਕਤੰਤਰ ਤੇ ਬਰਾਬਰਤਾ ਦੀ ਲੋੜ ਹੈ।' ਪਰ ਇੱਥੇ ਤਾਂ ਹਰ ਪਾਸੇ ਹੀ ਦਲਿਤ ਭਾਈਚਾਰੇ ਦੇ ਨਾਲ਼ ਧੱਕਾ ਹੋ ਰਿਹਾ ਹੈ। ਬਰਾਬਰਤਾ ਤਾਂ ਕੀ ਦੇਣੀ ਸੀ? ਸਿੱਖ ਧਰਮ ਵਿੱਚ ਜਿਹੜਾ ਮੁਕਾਮ ਦਲਿਤ ਸਮਾਜ ਦਾ ਸੀ ਉਹ ਗੁਰੂ ਸਾਹਿਬ ਸਮੇਂ ਹੀ ਸੀ ਅਤੇ ਉਹ ਬਹੁਤ ਹੀ ਵਧੀਆ ਸੀ, ਹਰ ਪਾਸੇ ਹੀ ਦਲਿਤ ਸਨ। ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਬਹੁ-ਗਿਣਤੀ ਦਲਿਤ ਵਰਗ ਦੀ ਸੀ, ਜਿਸ ਨੇ ਕੁਰਬਾਨੀਆਂ ਦੇਣ ਦੀ ਅਜਿਹੀ ਲਹਿਰ ਚਲਾਈ ਕਿ ਅੱਜ ਵੀ ਜਦੋਂ ਕਦੇ ਅਸੀਂ ਸਿੱਖ ਇਤਿਹਾਸ ਵਿੱਚ ਦਲਿਤ ਵਰਗ ਦੇ ਯੋਗਦਾਨ ਦਾ ਜਿਕਰ ਕਰਦੇ ਹਾਂ ਤਾਂ ਇਨ੍ਹਾਂ ਦਾ ਨਾਮ ਸਭ ਤੋਂ ਉਪਰ ਆਉਦਾ ਹੈ। ਉਹਨਾਂ ਦੀਆਂ ਕੁਰਬਾਨੀਆਂ ਸਦਕਾ ਹੁਣ ਜਦੋਂ ਅਸੀਂ ਵਿਦੇਸ਼ੀਆਂ ਕੋਲ਼ੋਂ ਸਮੁੱਚੇ ਤੌਰ 'ਤੇ ਆਜ਼ਾਦ ਹੋ ਗਏ ਹਾਂ, ਸਾਡੇ ਉਪਰ ਕਿਸੇ ਕਿਸਮ ਦੀ ਬੰਦਿਸ਼ ਵੀ ਨਹੀਂ ਹੈ, ਫਿਰ ਵੀ ਅਸੀਂ ਸਿਰ ਤੋਂ ਪੈਰਾਂ ਤੱਕ ਜਾਤ-ਪਾਤ ਦੇ ਜੰਜ਼ਾਲ ਵਿੱਚ ਜਕੜੇ ਹੋਏ ਹਾਂ। ਚਾਹ ਕੇ ਵੀ ਅਸੀਂ ਇਸ ਤੋਂ ਖਹਿੜਾ ਨਹੀਂ ਛੁਡਾ ਸਕਦੇ। ਸਿੱਖ ਧਰਮ ਦੇ ਪਤਨ ਦਾ ਮੂਲ਼ ਕਾਰਨ ਵੀ ਇਹੋ ਹੈ ਕਿ ਇਹ ਧਰਮ ਕੁਝ ਚੰਦ ਕੁ ਧਿਰਾਂ ਦੀ ਸੰਪੱਤੀ ਬਣ ਕੇ ਰਹਿ ਗਿਆ ਹੈ। ਇਸ ਧਰਮ ਵਿੱਚ 'ਜੱਟਵਾਦ' ਦਾ ਬੋਲਬਾਲਾ ਵਧੇਰੇ ਹੋਣ ਕਰਕੇ ਇਸ ਵਿੱਚ ਜਾਤ-ਪਾਤ ਦੀਆਂ ਜੜ੍ਹਾਂ ਹੋਰ ਵੀ ਡੂੰਘੇਰੀਆਂ ਹੋ ਗਈਆਂ ਹਨ। ਗੁਰਦੁਆਰਿਆਂ ਵਿੱਚ ਆਉਣ ਵਾਲ਼ੇ ਦਲਿਤਾਂ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ। ਕਹਿਣ ਨੂੰ ਤਾਂ ਭਾਂਵੇਂ ਜਿੰਨਾ ਮਰਜ਼ੀ ਕਹੀ ਜਾਓ ਕਿ ਸਿੱਖ ਧਰਮ ਵਿੱਚ ਜਾਤ-ਪਾਤ, ਉਚ-ਨੀਚ ਵਰਗੇ ਕੋਹੜ ਲਈ ਕੋਈ ਥਾਂ ਨਹੀਂ ਪ੍ਰੰਤੂ ਜਦੋਂ ਸਮਾਜਕ ਨਜ਼ਰੀਏ ਤੋਂ 'ਬਹੂ-ਬੇਟੀ' ਦੀ ਸਾਂਝ ਦੀ ਗੱਲ ਆਉਦੀ ਹੈ ਤਾਂ ਸਿੱਖ ਧਰਮ ਵਿੱਚ ਜਾਤ ਦਾ ਕੱਟੜਪੁਣਾ ਸਪੱਸ਼ਟ ਰੂਪ ਵਿੱਚ ਨਜ਼ਰ ਆਉਦਾ ਹੈ। ਅਖ਼ਬਾਰਾਂ ਵਿੱਚ ਛਪਦੇ ਵਿਆਹ-ਸ਼ਾਦੀਆਂ ਦੇ ਇਸ਼ਤਿਹਾਰਾਂ ਵਿੱਚ ਇਹ ਸਪੱਸ਼ਟ ਦੇਖਿਆ ਜਾ ਸਕਦਾ ਹੈ। ਪਿੰਡਾਂ ਵਿੱਚ ਵੱਖ ਵੱਖ ਜਾਤਾਂ ਦੇ ਨਾਂ ਉਪਰ ਉਸਾਰੇ ਗਏ ਗੁਰਦੁਆਰੇ ਵੀ ਇਸੇ ਬੀਮਾਰੀ ਦੇ ਲੱਛਣ ਹਨ। ਹੁਣ ਜਦੋਂ ਸਿੱਖਾਂ ਨੇ ਆਪਣੇ ਗੁਰਦੁਆਰਿਆਂ ਵਿੱਚ ਦਲਿਤਾਂ ਨੂੰ ਮਾਨਤਾ ਹੀ ਨਹੀਂ ਦੇਣੀ ਤਾਂ ਉਨ੍ਹਾਂ ਨੇ ਆਪਣੀ ਆਸਥਾ ਲਈ ਕੋਈ ਨਾ ਕੋਈ ਹੋਰ ਰਾਹ ਅਪਨਾਉਣਾ ਹੀ ਹੈ। ਇਹੋ ਕਾਰਨ ਹੈ ਇਸ ਦਲਿਤ ਸਮਾਜ ਦਾ ਡੇਰਿਆਂ ਵੱਲ ਝੁਕਣਾ। ਸਪੱਸ਼ਟ ਨਜ਼ਰ ਆਉਦਾ ਹੈ ਕਿ ਇਹਨਾਂ ਡੇਰਿਆਂ ਵਿੱਚ ਘਟੋਘੱਟ ਉਨ੍ਹਾਂ ਦੀ ਜਾਤ-ਪਾਤ ਦੀ ਨਿਸ਼ਾਨਦੇਹੀ ਤਾਂ ਨਹੀਂ ਹੁੰਦੀ। ਪ੍ਰਤੱਖ ਤੌਰ ਤੇ ਸਾਡੀ ਸਮਾਜੀ ਜ਼ਿੰਦਗੀ ਵਿੱਚ ਜਾਤ-ਪਾਤ ਦਾ ਅਜਿਹਾ ਕੈਂਸਰ ਫੈਲ ਚੁੱਕਿਆ ਹੈ ਜਿਹੜਾ ਸੌਖਿਆਂ ਖਤਮ ਨਹੀਂ ਹੁੰਦਾ ਲਗਦਾ। ਗੁਰੂ ਸਾਹਿਬਾਨ ਨੇ ਤਾਂ 1699 ਦੀ ਵਿਸਾਖੀ ਮੌਕੇ ਜਾਤ-ਪਾਤ, ਉੱਚ-ਨੀਚ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਸੀ ਪਰ 400 ਸਾਲ ਲੰਘ ਜਾਣ ਦੇ ਬਾਅਦ ਵੀ ਅਸੀਂ ਇਸ ਬੀਮਾਰੀ ਨੂੰ ਆਪਣੇ ਮੋਢਿਆਂ 'ਤੇ ਢੋਅ ਰਹੇ ਹਾਂ। ਇਸ ਸਮੇਂ ਦਲਿਤ ਸਮਾਜ ਆਪਣੇ ਆਪ ਨੂੰ ਸਿੱਖ ਧਰਮ ਨਾਲ਼ੋਂ ਵੱਖ ਹੋਇਆ ਮਹਿਸੂਸ ਕਰਦਾ ਨਜ਼ਰ ਆਉਦਾ ਹੈ। ਹੁਣ ਜਦੋਂ ਡੇਰਾਵਾਦ ਬਾਰੇ ਚਰਚਾ ਚਲਦੀ ਹੈ ਤਾਂ ਅਸੀਂ ਉਹਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਨੂੰ ਦਿੱਤੀ ਜਾ ਰਹੀ ਚੁਣੌਤੀ ਦੀ ਗੱਲ ਕਰਦੇ ਹਾਂ। ਗੁਰੂ ਜੀ ਨੇ ਗੁਰਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਹੈ। ਜਦੋਂ ਅਸੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਮੱਥਾ ਟੇਕਦੇ ਹਾਂ ਤਾਂ ਅਸੀਂ ਸਮੁੱਚੇ ਬਾਣੀਕਾਰ ੩੫ ਮਹਾਂਪੁਰਖਾਂ ਨੂੰ ਸਜਦਾ ਕਰਦੇ ਹਾਂ। ਅੱਜ ਤੱਕ ਅਸੀਂ ਗੁਰੂ ਅਤੇ ਭਗਤ ਦੇ ਅਰਥ ਵੀ ਨਹੀਂ ਸਮਝ ਸਕੇ। ਜਿੱਥੇ ਦੱਖਣ ਵਿੱਚ ਭਗਤ ਦਾ ਅਰਥ ਗੁਰੂ ਹੈ, ਉਹ ਇੱਥੇ ਗੁਰੂ ਦਾ ਅਰਥ ਭਗਤ ਹੈ। ਪਰ ਅਸੀਂ ਭਗਤ ਨੂੰ ਗੁਰੂ ਨਹੀਂ ਮੰਨਦੇ। ਪਰ ਜੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਗੁਰੂ ਨਹੀਂ ਮੰਨਦੇ ਤਾਂ ਅਸੀਂ ਗੁਰੂ ਤੋਂ ਬੇਮੁੱਖ ਹਾਂ। ਹੁਣ ਇੱਥੇ ਗੁਰੂ ਤੇ ਗੁਰੂ ਬਾਣੀ ਨਾਲੋਂ ਜੱਟ ਦਲਿਤਾਂ 'ਤੇ ਭਾਰੂ ਹੋ ਗਏ ਹਨ। ਅਸੀਂ ਗੁਰਦੁਆਰਿਆਂ ਨੂੰ ਗੁਰੂ ਨਾਲ਼ ਜੋੜਨ ਨੂੰ ਹੀ ਸਿੱਖੀ ਸਮਝਦੇ ਹਾਂ ਪਰ 'ਸ਼ਬਦ ਗੁਰੂ' ਦੀ ਵਿਚਾਰਧਾਰਾ ਨੂੰ ਨਹੀਂ ਸਮਝਦੇ ਸਗੋਂ ਉਸਦੀ ਆੜ ਵਿੱਚ ਵੱਧ ਤੋਂ ਵੱਧ ਮਾਇਆ ਇਕੱਠੀ ਕਰਨ ਵਾਲ਼ੀਆਂ ਥਾਂਵਾਂ ਤੱਕ ਸੀਮਤ ਹੋ ਕੇ ਰਹਿ ਗਏ ਹਾਂ। ਸ਼ਾਇਦ ਸਿੱਖ ਧਰਮ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਾਲ਼ੇ ਇਕ ਸੰਤ ਨੂੰ ਸਿਰਫ਼ ਇਸ ਲਈ ਕਤਲ ਕਰ ਦਿੱਤਾ ਗਿਆ ਕਿ ਉਹ ਦਲਿਤ ਹੋ ਕੇ ਸਿੱਖ ਧਰਮ ਦਾ ਪ੍ਰਚਾਰ ਕਿਉਂ ਕਰ ਰਿਹਾ ਹੈ। ਭਾਵੇਂ ਇਸ ਕਤਲ ਦੇ ਹੋਰ ਵੀ ਕਈ ਕਾਰਨ ਹੋ ਸਕਦੇ ਹਨ। ਪ੍ਰੰਤੂ ਮੁੱਖ ਕਾਰਨ ਤਾਂ ਇਹੋ ਹੈ ਕਿ ਸਿੱਖ ਧਰਮ ਵਿੱਚ ਦਲਿਤ ਸਮਾਜ ਜਿਸ ਤਰ੍ਹਾਂ ਸੰਗਠਿਤ ਹੋ ਰਿਹਾ ਹੈ, ਉਹ ਸਿੱਖ ਧਰਮ ਦੇ ਅਖੌਤੀ ਉੱਚ ਜਾਤੀਏ ਚੌਧਰੀਆਂ ਲਈ ਖਤਰੇ ਦੀ ਘੰਟੀ ਬਣਦਾ ਨਜ਼ਰ ਆ ਰਿਹਾ ਹੈ। ਦਲਿਤ ਸਮਾਜ ਦਾ ਬਹੁਤਾ ਹਿੱਸਾ ਡੇਰਾ ਸਿਰਸਾ, ਡੇਰਾ ਬਿਆਸ, ਨਿਰੰਕਾਰੀ ਤੇ ਭਨਿਆਰੇ ਵਾਲ਼ੇ ਜਾਂ ਹੋਰ ਅਨਮਤੀ ਡੇਰਿਆਂ ਦੇ ਲੜ ਲੱਗਣ ਦਾ ਮਕਸਦ ਵੀ ਇਹੋ ਹੈ ਕਿ ਉਹਨਾਂ ਨੂੰ ਸਿੱਖ ਸਰੋਕਾਰਾਂ ਵਿੱਚ ਬਣਦਾ ਮਾਣ ਤੇ ਸਤਿਕਾਰ ਨਹੀਂ ਦਿੱਤਾ ਜਾ ਰਿਹਾ । ਜੇ ਕਾਤਲ ਸੰਤ ਰਾਮਾਨੰਦ ਜੀ ਕਤਲ ਕਰਨ ਲੱਗਿਆਂ ਇਹ ਤਰਕ ਦੇਂਦੇ ਹਨ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਦੇ ਬਰਾਬਰ ਆਸਨ ਲਾਉਦਾ ਤੇ ਮੱਥੇ ਟਿਕਾਉਦਾ ਹੈ ਤਾਂ ਉਨ੍ਹਾਂ ਨੂੰ ਨਾਮਧਾਰੀ, ਨੀਲਧਾਰੀ ਤੇ ਊਨੇ ਵਾਲ਼ੇ ਬੇਦੀ ਕਿਉ ਨਹੀਂ ਨਜ਼ਰ ਆਏ? ਜਿਹੜੇ ਆਪਣੇ ਆਪ ਨੂੰ ਗੁਰੂ ਵੀ ਮੰਨਦੇ ਹਨ - ਨਾਮਧਾਰੀਏ ਤਾਂ ਆਪਣੇ ਮੁਖੀ ਨੂੰ 'ਗੁਰੂ' ਤੇ 'ਪਾਤਸ਼ਾਹ' ਕਹਿ ਕੇ ਸਤਿਕਾਰ ਦੇਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਾਗਜ਼ੀ ਕੰਮ ਤਾਂ ਬੜਾ ਹੁੰਦਾ ਹੈ ਪ੍ਰੰਤੂ ਇਨ੍ਹਾਂ ਦੀ ਕਿਰਪਾ ਦੇ ਨਾਲ਼ ਅੱਜ ਸਿੱਖ ਧਰਮ ਵਿੱਚੋਂ ਸਿਕਲੀਗਰ, ਨਿਰਮਲੇ ਤੇ ਸਿੰਧੀ ਸਿੱਖਾਂ ਤੋਂ ਇਲਾਵਾ ਕਈ ਹੋਰ ਫਿਰਕੇ ਵੀ ਕੋਹਾਂ ਦੂਰ ਚਲੇ ਗਏ ਹਨ। ਇਨਾਂ ਦੇ ਦੂਰ ਜਾਣ ਦਾ ਮੁੱਖ ਕਰਾਨ ਇਹੋ ਹੈ ਕਿ ਇਨ੍ਹਾਂ ਫਿਰਕਿਆ ਨੂੰ ਸਿੱਖ ਧਰਮ ਵਿੱਚ ਉਹ ਮਾਣ ਤੇ ਸਤਿਕਾਰ ਨਾ ਮਿਲ਼ਿਆ, ਜਿਹੜਾ ਇਨ੍ਹਾਂ ਦੇ ਪੁਰਖਿਆ ਨੂੰ ਗੁਰੂ ਸਾਹਿਬਾਨ ਵੱਲੋਂ ਮਿਲਦਾ ਹੁੰਦਾ ਸੀ। ਅੱਜ ਦਲਿਤ ਵਰਗ ਵੀ ਇਸੇ ਉਲ਼ਝਣ ਦਾ ਸ਼ਿਕਾਰ ਹੈ। ਉਸ ਨੂੰ ਸਿੱਖ ਧਰਮ ਵਿੱਚ ਕਿਧਰੇ ਕੋਈ ਥਾਂ ਨਹੀਂ ਮਿਲ਼ ਰਹੀ ਜਿਸ ਕਾਰਨ ਉਹ ਅੱਜ ਸਿੱਖ ਧਰਮ ਤੋਂ ਬੇਮੁੱਖ ਹੋ ਕੇ ਵੱਖ ਵੱਖ ਡੇਰਿਆਂ ਵੱਲ ਝੁਕ ਰਿਹਾ ਹੈ। ਸਿੱਖ ਧਰਮ ਅੱਜ ਉਸ ਪੜਾਅ 'ਤੇ ਆ ਗਿਆ ਹੈ ਜਿੱਥੇ ਇਸ ਵਿੱਚ ਵਧ੍ਹ ਰਹੇ ਜੱਟਵਾਦ ਤੇ ਹਿੰਦੂਵਾਦ ਨੂੰ ਸਮਝਣ ਦੀ ਲੋੜ ਹੈ, ਨਾ ਕਿ ਕਿਸੇ ਦਲਿਤ ਦਾ ਕਤਲ ਕਰਨ ਦੀ। ਕਿਉਕਿ ਹਿੰਦੂਤਵੀ ਕਦੇ ਵੀ ਨਹੀਂ ਚਾਹੁੰਦੇ ਕਿ ਸਮਾਜ ਵਿਚੋਂ ਜਾਤ-ਪਾਤ ਜਾਂ ਕਰਮਕਾਂਡੀ ਧਰਮਾਂ ਦਾ ਬੋਲਬਾਲਾ ਖ਼ਤਮ ਹੋਵੇ। ਉਹਨਾਂ ਲਈ ਤਾਂ ਇਹ ਸਮਾਜ ਨੂੰ ਵੰਡਣ ਦਾ ਸਭ ਤੋਂ ਸੌਖਾ ਤੇ ਕਾਰਗਰ ਹਥਿਆਰ ਹਨ ਜਿਹੜਾ ਉਹ ਮੌਕੇ-ਬੇ-ਮੌਕੇ ਵਰਤ ਕੇ ਸਮਾਜ ਵਿੱਚ ਅਜਿਹੀ ਹਲਚਲ ਪੈਦਾ ਕਰਦੇ ਹਨ ਕਿ ਚੰਗੀ ਭਲੀ ਚਲਦੀ ਜ਼ਿੰਦਗੀ ਵਿੱਚ ਭੁਚਾਲ ਆ ਜਾਂਦਾ ਹੈ। ਅਜਿਹੀ ਸਾਜਿਸ਼ੀ ਆਫ਼ਤ ਤੋਂ ਬਾਅਦ ਸਮਾਜ ਨੂੰ ਸੰਭਲਣ ਲਈ ਕਿੰਨਾ ਹੀ ਸਮਾਂ ਲੱਗ ਜਾਂਦਾ ਹੈ। ਦਲਿਤ ਸਮਾਜ ਵਿੱਚ ਵਧ੍ਹ ਰਿਹਾ ਗੁੱਸਾ ਸਮਝਣ ਲਈ ਇਸ ਦੇ ਸਮਾਜਕ, ਆਰਥਿਕ ਤੇ ਸਭਿਆਚਾਰਕ ਕਾਰਨਾਂ ਨੂੰ ਤਲਾਸ਼ਣ ਦੀ ਲੋੜ ਹੈ। ਜਿਸ ਕਦਰ ਦਲਿਤ ਸਮਾਜ ਸਿੱਖ ਧਰਮ ਤੋਂ ਦੂਰ ਹੁੰਦਾ ਜਾ ਰਿਹਾ ਹੈ ਉਹ ਦਿਨ ਦੂਰ ਨਹੀਂ ਜਦੋਂ ਸਿੱਖ ਧਰਮ ਕੇਵਲ ਹਿੰਦੂਵਾਦੀ ਸਵਰਨਾਂ ਦਾ ਧਰਮ ਬਣਕੇ ਰਹਿ ਜਾਵੇਗਾ? ਸਿੱਖ ਧਰਮ ਵਿੱਚ ਵਧ੍ਹ ਰਹੇ ਜੱਟਵਾਦ ਨੂੰ ਰੋਕਣ ਦੀ ਬੇਹੱਦ ਲੋੜ ਹੈ ਤਾਂ ਕਿ ਸਿੱਖ ਧਰਮ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਇਆ ਜਾ ਸਕੇ। ਕੀ ਦਲਿਤ ਭਾਏਚਾਰਾ ਆਪਣੀ ਅੰਦਰਲੀ ਸ਼ਕਤੀ ਨੂੰ ਪਹਿਚਾਣ ਕੇ ਤਖ਼ਤ 'ਤੇ ਕਾਬਜ਼ ਹੋਣ ਦੀ ਸਮਰੱਥਾ ਹਾਸਲ ਕਰ ਸਕੇਗਾ? ਇਸ ਨੂੰ ਨਿੱਠ ਕੇ ਸਮਝਣ ਤੇ ਵਿਚਾਰਨ ਦੀ ਲੋੜ ਹੈ।



ਬੁੱਧ ਸਿੰਘ ਨੀਲੋਂ,
9464370823

# 'ਵਰਤਮਾਨ ਸਮੇਂ ਦੇ ਵਰਤਾਰੇ ਦਾ ਚਿਤਰਨ ਹੈ 'ਰਾਵਣ ਹੀ ਰਾਵਣ'

**ਪੁਸਤਕ ਮੇਰੀ ਨਜ਼ਰ ਵਿੱਚ –**
**ਪੁਸਤਕ ਦਾ ਨਾਂ ਰਾਵਣ ਹੀ ਰਾਵਣ ਲੇਖਕ : ਰਵਿੰਦਰ ਸਿੰਘ ਸੋਢੀ**
**ਪੰਨੇ: 80 ਮੁੱਲ: 130/–**
**ਪ੍ਰਕਾਸ਼ਕ ਜੇ ਪੀ ਪਬਲੀਕੇਸ਼ਨ ਪਟਿਆਲਾ।**

ਪੰਜਾਬੀ ਸਾਹਿਤ ਜਗਤ ਵਿੱਚ ਬਹੁ ਵਿਧਾਵੀ ਪ੍ਰਵਾਸੀ ਲੇਖਕ ਰਵਿੰਦਰ ਸਿੰਘ ਸੋਢੀ ਇੱਕ ਜਾਣਿਆ ਪਹਿਚਾਣਿਆ ਨਾਂ ਹੈ। ਸਾਹਿਤ ਵਿੱਚ ਆਲੋਚਨਾ ਕਵਿਤਾ ਕਹਾਣੀ ਨਾਟਕ ਵਿਧਾ ਵਿੱਚ ਉਸ ਦੀਆਂ ਰਚਨਾਵਾਂ ਅਕਸਰ ਅਖ਼ਬਾਰਾਂ ਮੈਗਜ਼ੀਨਾਂ ਆਦਿ ਵਿੱਚ ਛਪਦੀਆਂ ਰਹਿੰਦੀਆਂ ਹਨ ਅਤੇ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਰਾਵਣ ਹੀ ਰਾਵਣ' ਕਾਵਿ ਸੰਗ੍ਰਹਿ ਉਸ ਦੀ ਤੀਜੀ ਕਾਵਿ ਪੁਸਤਕ ਹੈ। ਜਿਸ ਵਿੱਚ ਉਸ ਨੇ ਮਹਿਜ 43 ਲੰਬੀਆਂ ਕਵਿਤਾਵਾਂ ਗ਼ਜ਼ਲਾਂ ਅਤੇ ਗੀਤ ਵੀ ਸ਼ਾਮਲ ਕੀਤੇ ਹਨ। 'ਸਾਹਿਤਕ ਰੂਪਾਂ ਵਿਚ ਆ ਰਹੇ ਬਦਲਾਅ ਦੇ ਸੰਦਰਭ ਵਿਚ' ਸਿਰਲੇਖ ਹੇਠ ਉਸ ਨੇ ਪੁਸਤਕ ਦਾ ਆਪ ਹੀ ਮੁੱਖ ਬੰਦ ਲਿਖਿਆ ਹੈ। ਮੁੱਖ ਬੰਦ ਵਿੱਚ ਆਏ ਵਿਚਾਰਾਂ ਅਨੁਸਾਰ ਉਸ ਨੂੰ ਗ਼ਜ਼ਲ ਦੇ ਤਕਨੀਕੀ ਨੁਕਤਿਆਂ ਦੀਆਂ ਬਾਰੀਕੀਆਂ ਜਾਣਕਾਰੀ ਨਹੀਂ ਜਿਸ ਕਰਕੇ ਆਲੋਚਕ ਉਸ ਨੂੰ ਅ-ਗ਼ਜ਼ਲ ਜਾਂ ਗ਼ਜ਼ਲ ਨੁਮਾ ਕਹਿ ਸਕਦੇ ਹਨ।

ਪੁਸਤਕ ਦੇ ਅਧਿਐਨ ਦੌਰਾਨ ਧਿਆਨ ਵਿੱਚ ਆਇਆ ਹੈ ਕਿ ਹਥਲੇ ਕਾਵਿ ਸੰਗ੍ਰਹਿ ਦੀ ਸਿਰਲੇਖਤ ਕਵਿਤਾ 'ਰਾਵਣ ਹੀ ਰਾਵਣ' ਚੌਥੇ ਸਥਾਨ ਤੇ ਦਰਜ ਹੈ। ਇਸ ਕਵਿਤਾ ਕਹਿੰਦੀ ਹੈ ਕਿ ਰਾਵਣ ਦਾ ਪੁਤਲਾ ਤਾਂ ਫੂਕ ਲਿਆ ਪਰ ਜਿਹੜੇ ਰਾਜਨੀਤਕ ਵੋਟਾਂ ਲਈ ਦੰਗੇ ਕਰਵਾਉਣ ਵਾਲੇ ਮਿਲਾਵਟ ਕਰਨ ਵਾਲੇ ਰਿਸ਼ਵਤਖੋਰ ਸਕੂਲਾਂ ਵਿੱਚ ਨਕਲਾਂ ਕਰਵਾਉਣ ਵਾਲੇ ਭਰਿਸ਼ਟ ਲੋਕ ਨਸ਼ਿਆਂ ਦੇ ਸੌਦਾਗਰ ਆਦਮਖੋਰ ਬਲਾਤਕਾਰੀ ਮਾਨ ਸਨਮਾਨਾਂ ਦੇ ਜੁਗਾੜੀ ਆਦਿ ਰਾਵਣ ਹਨ ਇਹਨਾਂ ਨੂੰ ਵੀ ਨੱਥ ਪਾਉਣੀ ਪਾਏਗੀ। ਕਵਿਤਾ ਦੇ ਅੰਸ਼ ਦਾ ਮੁਤਾਲਿਆ ਕਰੋ–

'ਨਸ਼ਿਆਂ ਦੇ ਸੌਦਾਗਰ
ਜਵਾਨੀ ਦਾ ਜੋ ਕਰ ਰਹੇ ਘਾਣ
ਉਹਨਾਂ ਰਾਵਣਾਂ ਦੇ ਦਹਿਨ ਦਾ ਵੀ
ਪ੍ਰਬੰਧ ਕਰੋ।' (ਪੰਨਾ – 16)

ਪੁਸਤਕ ਵਿੱਚ ਅੰਤਰ ਰਾਸ਼ਟਰੀ ਪੱਧਰ ਦੇ ਵਰਤਾਰੇ ਦੀਆਂ ਕਵਿਤਾਵਾਂ ਵੀ ਸ਼ਾਮਲ ਹਨ। ਨਿੱਜ ਤੋਂ ਹੱਟ ਕੇ ਲਿਖੀਆਂ ਗਈਆਂ ਕਵਿਤਾਵਾਂ ਦੀ ਉਸ ਦੀ ਲੇਖਣੀ ਵਿੱਚੋਂ ਝਲਕ ਪੈਂਦੀ ਹੈ। ਉਸ ਦੀ ਕਵਿਤਾ ਰੁੱਤਾਂ ਪੌਣਾਂ ਰੁੱਖਾਂ ਬੂੱਤਾਂ ਫੁੱਲ ਤਿਤਲੀਆਂ ਬਿਜਲੀਆਂ ਦਰਿਆਵਾਂ ਵਿਹਲੇ ਬੰਦੇ ਕਲਮਾਂ ਵਾਲੇ ਹੱਸਣ ਵਾਲੇ ਮੁਟਿਆਰ ਗਭਰੂ ਬੁਢੇ ਬਾਬੇ ਆਦਿ ਨੂੰ ਕੈਦ ਕਰਨ ਦੀ ਗੱਲ ਕਰਦੀ ਹੈ ਪਹਿਲੀ ਕਵਿਤਾ 'ਕੈਦ ਕਰੋ ਕੈਦ ਕਰੋ'। ਆਪਣੀ ਆਪਣੀ ਕੁਰਸੀ ਦੇ ਲਾਲਚ ਵਿੱਚ ਦੇਸ਼ ਦੇ ਬਟਵਾਰੇ ਵੀਅਤਨਾਮ ਵਿੱਚ ਦਹਿਸ਼ਤ ਫੈਲਾਉਣ ਵਾਲ ਅਫ਼ਗਾਨਿਸਤਾਨ ਵਿੱਚ ਕੁਹਰਾਮ ਮਚਾਉਣ ਵਾਲੇ ਕਦੋਂ ਬਾਜ਼ ਆਉਣਗੇ? ਕਵਿਤਾ 'ਅੱਜ ਦਾ ਡਾਇਨਾਸੋਰ' ਚਿੰਤਾ ਪ੍ਰਗਟ ਕਰਦੀ ਹੈ। ਮਨੁੱਖ ਦੀਆਂ ਮਜ਼ਬੂਰੀਆਂ ਦਰਸਾਉਂਦੀ ਕਵਿਤਾ 'ਜ਼ਿੰਦਗੀਨਾਮਾ' ਹਾਲਾਤਾਂ ਦਾ ਵਰਨਣ ਕਰਦੀ ਹੈ। ਇਵੇਂ ਹੀ ਕਵਿਤਾ 'ਮੈਂ ਕੌਣ ਹਾਂ?' ਵਿੱਚ ਬੱਚਿਆਂ ਵਲੋਂ ਪੁਰਾਣ ਬੰਦਿਆਂ ਨੂੰ ਪੁਰਾਣੀ ਸਦੀ ਦੇ ਦੱਸਣਾ ਪਤਨੀ ਵਲੋਂ ਪਤੀ ਨੂੰ ਮਾਂ ਦਾ ਸਰਵਣ ਪੁੱਤਰ ਆਖਣਾ ਦਫਤਰ ਵਿੱਚ




ਔਰਤਾਂ ਵੱਲ ਭੇੜੀਏ ਵਾਂਗ ਝਾਕਣਾ ਕਹਿਣ ਤੇ ਸਮਝ ਨਹੀਂ ਆਉਂਦੀ ਕਿ ਮੈਂ ਕੌਣ ਹਾਂ।

ਸਮੁੱਚੀ ਕਵਿਤਾ ਵਿੱਚ ਜਿੱਥੇ ਸਰਕਾਰਾਂ ਦੀ ਤਾਨਾਸ਼ਾਹੀ ਰੱਬ ਦੀ ਅਮੀਰਾਂ ਨਾਲ ਗੰਢ ਤੁੱਪ ਮਰੀਆਂ ਜ਼ਮੀਰਾਂ ਬੁੱਤ ਪ੍ਰਸਤੀ ਭਿਖਾਰੀਪਨ ਯਾਦਾਂ ਦੇ ਪਰਛਾਵੇਂ ਪੱਥਰਾਂ ਦੇ ਸ਼ਹਿਰ ਸੋਚ ਦਾ ਫ਼ਰਕ ਮਾਨਸਿਕ ਸੋਸ਼ਣ ਰਿਸ਼ਤਿਆਂ ਦੇ ਨਿਘਾਰ ਆਦਿ ਪਹਿਲੂਆਂ ਨੂੰ ਦ੍ਰਿਸ਼ਟੀ ਗੋਚਰ ਕੀਤਾ ਹੈ ਉੱਥੇ ਧਾਰਮਿਕ ਅਤੇ ਹੋਰ ਲਿਖਤਾਂ ਵੀ ਅੰਕਿਤ ਹਨ ਜਿਵੇਂ ਕਿ ਗੁਰੂ ਅਰਜਨ ਦੇਵ ਮੁਕਤਸਰ ਦੀ ਧਰਤੀ ਨਵੇ ਸਾਲ ਦਾ ਬਦਲਣਾ ਮਜਦੂਰ ਦਿਵਸ ਆਦਿ ਵੀ ਸ਼ਾਮਲ ਹਨ। ਪੁਸਤਕ ਵਿੱਚ ਮੁਹੱਬਤ ਅਤੇ ਬ੍ਰਿਹਾ ਦੀ ਗੱਲ ਵੀ ਆਈ ਹੈ ਦੇਖੋ –

'ਸਾਵਣ ਦੀਆਂ ਕਣੀਆਂ ਨੇ
ਮੇਰੇ ਸੀਨੇ ਅੱਗ ਲਾਈ
ਮੈਨੂੰ ਬਿਰਹੋਂ ਕੁਠੀ ਨੂੰ
ਫਿਰ ਯਾਦ ਸੱਜਣ ਦੀ ਆਈ।'
(ਪੰਨਾ – 30)

ਅਤੇ

'ਮੇਰੇ ਰਾਹਾਂ ਤੋਂ ਅੱਡ ਹੋ ਗਏ ਨੇ ਰਾਹ ਭਾਵੇਂ ਤੇਰੇ
ਤੇਰੇ ਮੁੜ ਆਉਣ ਦੀ ਅਜੇ ਉਮੀਦ ਬਾਕੀ ਹੈ।'
(ਪੰਨਾ – 59)

ਬਦਲੇ ਸਮੇਂ ਦੀ ਤਸਵੀਰ ਦਿਖਾਉਂਦੀ ਗ਼ਜ਼ਲ 'ਕਦੇ ਮਹਿਮਾਨ ਸੀ ਰੱਬ ਵਰਗੇ---।' ਜਿਹਨਾਂ ਮਹਿਮਾਨਾਂ ਨੂੰ ਅਸੀ ਰੱਬ ਮੰਨਦੇ ਸੀ ਹੁਣ ਵਾਧੂ ਰਿਹੇ ਲੱਗਦੇ ਹਨ ਘਰ ਦਾ ਵਿਹਲਾ ਬੰਦਾ ਵੀ ਵਾਧੂ ਲੱਗਦੈ। ਬਜ਼ੁਰਗਾਂ ਨੂੰ ਘਰ ਦਾ ਜ਼ਿੰਦਰਾ ਮੰਨ ਕੇ ਨਿਸ਼ਚਿੰਤ ਰਹਿਦੇ ਸਾਂ ਹੁਣ ਵੱਖਰੇ ਵੱਖਰੇ ਕਮਰੇ ਨੂੰ ਲੋਹੇ ਦੇ ਜ਼ਿੰਦਰੇ ਲੱਗਣ ਲੱਗ ਪਏ ਹਨ। ਮੀਆਂ ਬੀਵੀ ਦੇ ਰਿਸ਼ਤੇ ਵਿੱਚ ਹੁਣ ਕਾਟੋ ਕਲੇਸ਼ ਰਹਿਣ ਲੱਗ ਪਿਆ ਹੈ। ਤੋਤੇ ਚਿੜੀਆਂ ਗੋਲੇ ਕਬੂਤਰ ਅਲੋਪ ਹੋ ਗਏ ਹਨ ਪਰ ਗਊਆਂ ਵੱਛੀਆਂ ਅਤੇ ਸਾਹਨਾਂ ਦਾ ਮੇਲਾ ਸੜਕਾਂ ਤੇ ਹੁੰਦਾ ਹੈ ਜਿਸ ਦਾ ਸ਼ਿਕਾਰ ਲੋਕ ਹੁੰਦੇ ਹਨ। ਜ਼ਿੰਦਗੀ ਦੀ ਭਟਕਣ ਦੀ ਗੱਲ ਕਰਦੀ ਗ਼ਜ਼ਲ 'ਜ਼ਿੰਦਗੀ ਦਾ ਇਹ ਸਫ਼ਰ--।' ਸੁਚੇਤ ਕਰਦੀ ਹੈ ਕਿ ਜ਼ਿੰਦਗੀ ਦਾ ਸਫ਼ਰ ਤਾਂ ਕਬਰਾਂ ਤੇ ਜਾ ਕੇ ਹੀ ਖ਼ਤਮ ਹੋਣਾ ਹੈ। ਜਿਉਂਦੇ ਮਨੁੱਖ ਵਲੋਂ ਰੱਬ ਦੇ ਨਾਂ ਦੁਕਾਨਾਂ ਖੋਲ੍ਹ ਕੇ ਭਟਕਦਾ ਰਹਿੰਦਾ ਹੈ ਰੱਬ ਤਾਂ ਇਨਸਾਨ ਵਿੱਚ ਵਸਦਾ ਹੈ ਜਿੱਥੇ ਅਸੀ ਲੱਭਦੇ ਹੀ ਨਹੀਂ।

ਗੀਤਾਂ ਵਿੱਚ ਧੀਆਂ ਦੀ ਤਰਾਸਦੀ ਭਰੂਣ ਹੱਤਿਆ ਦਾ ਬਿਆਨ ਕਰਦਿਆਂ ਲਿਖਿਆ ਗਿਆ ਹੈ ਕਿ ਕੁਝ ਜੰਮਦਿਆਂ ਮਰਦੀਆਂ ਫਾਹ ਲੈ ਕੇ ਮਰਦੀਆਂ ਹਨ ਕੁਝ ਕੁੱਖ ਵਿੱਚ ਮਾਰੀਆਂ ਜਾਂਦੀਆਂ ਹਨ ਕੁਝ ਸਾੜੀਆਂ ਜਾਂਦੀਆਂ ਹਨ। ਭੇੜੀਆਂ ਦਾ ਸ਼ਿਕਾਰ ਹੁੰਦੀਆਂ ਹਨ ਜਦੋਂ ਆਪਣੇ ਵੀ ਬੇਗ-ਾਨੇ ਬਣ ਜਾਂਦੇ ਨੇ। ਧੀਆਂ ਤਾਂ ਰੱਬ ਦੀ ਰੂਹ ਫੁੱਲਾਂ ਦੀ ਖੁਸ਼ਬੂ ਘਰ ਦੀ ਰੌਣਕ ਹੁੰਦੀਆਂ ਹਨ। ਉਹਨਾਂ ਦੇ ਦੁੱਖ ਦੂਰ ਕਰਨ ਲਈ ਬਾਬਾ ਨਾਨਕ ਨੂੰ ਸੱਦਾ ਦਿੰਦੇ ਹਨ। ਗਰੀਬਾਂ ਦੀ ਮਜ਼ਬੂਰੀ ਅਤੇ ਰੱਜਿਆਂ ਨਾਲ ਰੱਬ ਦਾ ਜੋੜ ਬਾਰੇ ਗੀਤ ਦੀਆਂ ਸਤਰਾਂ ਦੇਖੋ –

'ਕੁਝ ਸ਼ੌਂਕ ਨਾਲ ਹੀ ਅੱਧ ਨੰਗੇ
ਕੁਝ ਮਜਬੂਰੀ ਵਿੱਚ ਅੱਧ ਕੱਜੇ ਨੇ
ਤੂੰ ਦੇਵੇਂ ਰੱਬਾ ਉਹਨਾਂ ਨੂੰ
ਜੋ ਪਹਿਲਾਂ ਤੋਂ ਹੀ ਰੱਜੇ ਨੇ।'
(ਪੰਨਾ – 23)

'ਡੱਬੂ' ਅਤੇ ਟੁੱਟੇ 'ਖੰਭਾਂ' ਵਾਲੇ ਦੀ ਖੇਡ ਕਵਿਤਾ ਪ੍ਰਤੀਬਿੰਬ ਲੈ ਕੇ ਅੰਤਰ ਰਾਸ਼ਟਰੀ ਵਰਤਾਰਿਆਂ ਦੀ ਗੱਲ ਕੀਤੀ ਗਈ ਹੈ। ਧਰਮੀਆਂ ਵਲੋਂ ਧਰਮ ਦੇ ਵਹਿਮਾਂ ਵਿੱਚ ਉਲਝਾਉਣ ਵਾਲੇ ਕੁੱਤੀ ਦਾ ਚੌਰਾਂ ਨਾਲ਼ ਰਲਣਾ ਮਜ਼੍ਹਬ ਦਾ ਰੌਲਾ ਦੇਖ ਕੇ ਮੁੜ ਬਚਪਨ ਦੇ ਦਿਨਾਂ ਨੂੰ ਯਾਦ ਕਰਕੇ ਬਚਪਨ ਦੇ ਮੁੜ ਆਉਣ ਦੀ ਇੱਛਾ ਹੁੰਦੀ ਹੈ ਕਿਉਕਿ ਬਚਪਨ ਦਾ ਸਮਾਂ ਬਿਨਾਂ ਕਿਸੇ ਫਿਕਰ ਫਾਕੇ ਦੇ ਹੁੰਦਾ ਹੈ ਅਤੇ ਇਹਨਾਂ ਸਾਰੇ ਝਮੇਲਿਆਂ ਤੋਂ ਸੁਰਖਰੂ ਹੁੰਦਾ ਹੈ।

ਪੁਸਤਕ ਦੀਆਂ ਹੋਰ ਕਵਿਤਾਵਾਂ ਸ਼ਹੀਦਾਂ ਦਾ ਪਰਿਵਾਰ ਸੋਚਣ ਵੇਲਾ ਸੱਥ ਵਿੱਚ ਉੱਠੀ ਗੱਲ ਵੀ ਪੜ੍ਹਨ ਲਾਇਕ ਹਨ। ਕਵੀ ਇਸ ਪੁਸਤਕ ਲਈ ਵਧਾਈ ਦਾ ਪਾਤਰ ਹੈ ਕਿਉਕਿ ਉਸ ਨੇ ਪੁਸਤਕ ਵਿਚਲੀਆਂ ਕਵਿਤਾਵਾਂ ਦੇ ਵਰਤਮਾਨ ਵਰਤਾਰਿਆਂ ਦੇ ਵਿਸ਼ੇ ਨੂੰ ਛੋਹਿਆ ਹੈ।



**ਤੇਜਿੰਦਰ ਚੰਡਿਹੋਕ**
**ਸਾਬਕਾ ਏ.ਐਸ.ਪੀ, ਨੈਸ਼ਨਲ ਐਵਾਰਡੀ ਬਰਨਾਲਾ।**
**ਸੰਪਰਕ 95010-00224**

# ਘਰ ਦਾ ਜੋਗੀ ਜੋਗੜਾ

ਸਾਡੀਆਂ ਸਾਰੀਆਂ ਕਹਾਵਤਾਂ ਬਿਲਕੁਲ ਹੀ ਸਹੀ ਹਨ। ਸਦੀਆਂ ਤੋਂ ਇਹ ਕਹਾਵਤਾਂ ਸਾਡੇ ਤੇ ਲਾਗੂ ਹੁੰਦੀਆਂ ਹਨ। ਕਈ ਵਾਰੀ ਯੁੱਗ ਪਰਵਰਤਨ ਅਤੇ ਪੀੜ੍ਹੀ ਦਰ ਪੀੜ੍ਹੀ ਦੇ ਬਦਲਾਅ ਕਾਰਨ ਕੁਝ ਕੁ ਆਪਣਾ ਮਹੱਤਵ ਗੰਵਾਂ ਦਿੰਦੀਆਂ ਹਨ। ਪਰ ਉਹਨਾ ਦੀ ਮੂਲ ਮਕਸਦ ਸਥਿਰ ਹੀ ਰਹਿੰਦਾ ਹੈ। ਘਰ ਦਾ ਜੋਗੀ ਜੋਗੜਾ ਅਤੇ ਬਾਹਰ ਦਾ ਜੋਗੀ ਸਿੱਧ ਅਖਾਣ ਅਕਸਰ ਮੇਰੀ ਮਾਂ ਵਰਤਦੀ ਹੁੰਦੀ ਸੀ । ਜਿੰਨੀ ਕੁ ਸਮਝ ਹੀ ਉਹਨਾ ਕੁ ਅਸੀ ਸਮਝ ਲੈਂਦੇ। ਹੁਣ ਸਮਾਜ ਵਿੱਚ ਵਿਚਰਦਿਆਂ ਅਤੇ ਉਮਰ ਦੇ ਤਜੁਰਬੇ ਨਾਲ ਇਹ ਬਿਲਕੁਲ ਸਹੀ ਲੱਗਿਆ। ਅਕਸਰ ਇਸ ਤਰਾਂ ਦੀਆਂ ਉਦਾਰਣਾਂ ਸਾਹ-ਮਣੇ ਆਉਂਦੀਆਂ ਹੀ ਰਹਿੰਦੀਆਂ ਹਨ। ਬਾਹਰ ਦੇ ਲੋਕਾਂ ਨੂੰ ਸਿਆਣੇ ਸਮਝਿਆ ਜਾਂਦਾ ਹੈ ਪਰ ਆਪਣੇ ਘਰ ਦੇ ਆਦਮੀ ਜਾ ਸਹਿਰ ਦੇ ਆਦਮੀ ਨੂੰ ਉਹ ਅਹਿਮੀਅਤ ਨਹੀ ਦਿੱਤੀ ਜਾਂਦੀ।

ਅੱਜ ਕੱਲ ਗੋਡੇ ਦੁਖਣ , ਪਿੱਤੇ ਗੁਰਦੇ ਚ ਪੱਥਰੀ ਅਤੇ ਸੂਗਰ ਦਾ ਵਾਹਵਾ ਰਿਵਾਜ ਜਿਹਾ ਹੈ। ਘਰ ਘਰ ਇਸੇ ਦੇ ਹੀ ਮਰੀਜ ਹਨ। ਜਿਸ ਨੂੰ ਮਰਜੀ ਪੁੱਛ ਲਵੋ ਅਗਲਾ ਤਕਰੀਬਨ ਆਹੀ ਤਕਲੀਫ ਦੱਸੂ। ਇਹਨਾ ਦਾ ਕੋਈ ਪੱਕਾ ਹੱਲ ਨਹੀ ਹੈ ਸਿਰਫ ਪ੍ਰਹੇਜ਼ ਹੈ। ਪਰ ਲੋਕ ਅੰਗਰੇਜੀ ਦਵਾਈਆਂ ਖਾ ਖਾ ਕੇ ਅੱਕੇ ਪਏ ਹਨ। ਲੋਕਾਂ ਦਾ ਝੁਕਾਅ ਹੁਣ ਦੇਸੀ ਵੈਦਾਂ ਹਕੀਮਾਂ ਤੇ ਸਿਆਣੇ ਜੋ ਘਰ ਘਰ ਬੈਠੇ ਹਨ ਵੱਲ ਹੋ ਗਿਆ ਹੈ। ਜਿਸਨੂੰ ਮਰਜੀ ਪੁੱਛ ਲਵੋ ਉਹ ਪੰਜ ਸੱਤ ਸਿਆਣਿਆਂ ਦੀ ਦੱਸ ਤਾਂ ਪਾ ਦੇਵੇਗਾ। ਹਰ ਸਹਿਰ ਗਲੀ ਮੁਹੱਲੇ ਵਿੱਚ ਇਹਨਾ ਤੀ ਭਰਮਾਰ ਹੈ। ਇਹਨਾ ਸਿਆਣਿਆਂ ਨੂੰ ਆਪਣੇ ਸਹਿਰ ਦੇ ਲੋਕੀ ਇੰਨਾ ਨਹੀ ਪੁਛਦੇ। ਪਰ ਦੂਰੋ ਦੂਰੋ ਲੋਕ ਇਹਨਾਂ ਕੋਲ ਆਪਣਾ ਇਲਾਜ ਕਰਵਾਉਣ ਆਉਂਦੇ ਹਨ। ਕੋਈ ਠੀਕ ਹੋਵੇ ਨਾ ਹੋਵੇ ਪਰ ਦੂਰ ਦੂਰ ਤੋ ਆਉਂਦੇ ਮਰੀਜਾਂ ਨਾਲ ਇਹਨਾਂ ਸਿਆਣਿਆਂ ਦੀ ਵਾਹਵਾ ਮਸਹੂਰੀ ਹੋ ਹੋ ਜਾਂਦੀ ਹੈ। ਜਦੋ ਕਿ ਆਪਣੇ ਸਹਿਰ ਵਾਲੇ ਸਿਆਣਿਆਂ ਨੂੰ ਕੋਈ ਗੋਲਦਾ ਨਹੀ ।

ਘਰ ਦਾ ਕੋਈ ਜੀਅ ਜਿੰਨਾ ਮਰਜੀ ਸਿਆਣਾ ਡਾਕਟਰ, ਵਕੀਲ, ਇੰਜੀਨੀਅਰ ਹੋਵੇ ਜਾ ਕਿਸੇ ਹੋਰ ਕੰਮ ਦਾ ਸਪੈਸਲਿਸਟ ਕਿਉਂ ਨਾ ਹੋਵੇ। ਕੋਈ ਕਦਰ ਨਹੀ ਕਰਦਾ। ਪਰ ਬਾਹਰਲੇ ਨੀਮ ਹਕੀਮ ਤੇ ਰੱਬ ਜਿੰਨਾ ਵਿਸਵਾਸ ਕਰਦੇ ਹਨ। ਬੇਗ-ਾਨੇ ਦੀ ਰਾਇ ਨੂੰ ਜਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ।ਘਰ ਦੇ ਜੋਗੀ ਦੀ ਕੋਈ ਪੁੱਛ ਪ੍ਰਤੀਤ ਨਹੀ ਹੁੰਦੀ।

ਮੈ ਖੁਦ ਵੀ ਘਰਦੇ ਜੋਗੀ ਆਲੀ ਬੀਮਾਰੀ ਦਾ ਸਿਕਾਰ ਹਾਂ। ਚਾਹੇ ਮੇਰੀਆਂ ਕਹਾਣੀਆਂ, ਲੇਖ ਅਖਬਾਰਾਂ ਵਿੱਚ ਛਪਦੇ ਹਨ। ਅਤੇ ਬਹੁਤੀ ਗਿਣਤੀ ਵਿੱਚ ਲੋਕ ਉਹਨਾ ਲੇਖਾਂ ਕਹਾਣੀਆਂ ਨੂੰ ਪੜ੍ਹਦੇ ਹਨ। ਸੈਕੜੇ ਰੇਗੂਲਰ ਪਾਠਕ ਵੀ ਹਨ। ਅਕਸਰ ਹੀ



ਪਾਠਕਾਂ ਦੇ ਫੋਨ ਆਉਂਦੇ ਹਨ ਅਤੇ ਲਿਖਤਾਂ ਤੇ ਆਮ ਚਰਚਾ ਹੁੰਦੀ ਹੈ। ਕਈ ਸੂਝਵਾਨ ਤੇ ਪਾਰਖੂ ਪਾਠਕ ਰਚਨਾਵਾਂ ਦੀ ਦਿਲ ਖੋਲਕੇ ਚਰਚਾ ਕਰਦੇ ਹਨ। ਮੇਰੀਆਂ ਚਾਰ ਕਿਤਾਬਾਂ ਵੀ ਛਪ ਚੁਕੀਆਂ ਹਨ। ਪਰ ਮੇਰੇ ਪਰਿਵਾਰ ਦੇ ਲੋਕ ਖਾਸਕਰ ਮੇਰੇ ਬੇਟੇ ਮੇਰੀਆਂ ਰਚਨਾਵਾਂ ਨੂੰ ਨਹੀ ਪੜ੍ਹਦੇ । ਡੈਡੀ ਜੀ ਇੰਨੀਆਂ ਵੱਡੀਆਂ ਸਾਥੋਂ ਨਹੀ ਪੜ੍ਹੀਆਂ ਜਾਂਦੀਆਂ। ਕਈ ਵਾਰੀ ਸੋਚਦਾ ਹਾਂ ਲੋਕਾਂ ਲਈ ਮੈ ਇੱਕ ਵਧੀਆ ਕਹਾਣੀਕਾਰ, ਲੇਖਕ ਅਤੇ ਕਾਲਮਨਵੀਸ ਹੋ ਸਕਦਾ ਹਾਂ ਪਰ ਘਰੇ ਤਾਂ ਘਰ ਦੀ ਮੁਰਗੀ ਵਰਗਾ ਹੀ ਹਾਲ ਹੈ।ਹੁਣ ਮੇਰੇ ਬੱਚਿਆਂ ਲਈ ਤਾਂ ਮੈ ਜੋਗੜਾ ਹੀ ਹੋਇਆ । ਬਾਹਰਲਿਆਂ ਲਈ ਭਾਂਵੇ ਜਿੱਡਾ ਮਰਜੀ ਸਿੱਧ ਹੋਵਾ।

ਇੱਕ ਗੱਲ ਹੋਰ ਮੇਰੀਆਂ ਬਹੁਤੀਆਂ ਕਹਾਣੀਆਂ ਲਿਖਤਾਂ ਰਿਸਤਿਆਂ ਦੀ ਅਹਿਮੀਅਤ ਬਾਰੇ ਹੁੰਦੀਆਂ ਹਨ। ਮੋਹ ਦੀਆਂ ਤੰਦਾ ਨੂੰ ਬਰਕਰਾਰ ਰੱਖਣ ਵਾਲੀਆਂ ਹੁੰਦੀਆਂ ਹਨ। ਜਿੰਨਾ ਵਿੱਚ ਇੱਕ ਵਿਧਵਾ ਮਾਂ , ਧੀ , ਭੈਣ ਅਤੇ ਭੂਆ ਦਾ ਦਰਦ ਬਿਆਨ ਕੀਤਾ ਹੁੰਦਾ ਹੈ। ਰਿਸਤਿਆਂ ਦੀ ਬੇਕਦਰੀ ਖਿਲਾਫ ਮੇਰੀ ਕਲਮ ਖੂਬ ਚਲਦੀ ਹੈ। ਜਿਸ ਕਰਕੇ ਹਰ ਦੁਖਿਆਰੀ ਧੀ ਭੈਣ ਭੂਆ ਨੂੰ ਇਹ ਦੁੱਖ ਦਰਦ ਆਪਣਾ ਲੱਗਦਾ ਹੈ। ਤੇ ਉਹ ਮੇਰੀ ਕਲਮ ਨੂੰ ਆਪਣੇ ਦਿਲ ਦੀ ਆਵਾਜ ਸਮਝਦੇ ਹਨ। ਕਿਸੇ ਬੁਧੀਜੀਵੀ ਨੇ ਮੇਰੀਆਂ ਕਿਤਾਬਾਂ ਦੀ ਸਮਿਖਿਆਂ ਦੋਰਾਨ ਮੈਨੂੰ ਰਿਸਤਿਆਂ ਦੇ ਮੋਹ ਦਾ ਮਾਣ ਮੱਤਾ ਲੇਖਕ ਦੇ ਅੰਲਕਾਰ ਨਾਲ ਨਿਵਾਜਿਆ। ਪਰ ਜੇ ਮੈ ਆਪਣੇ ਰਿਸਤਿਆਂ ਦੀ ਹਕੀਕੀ ਨੂੰ ਬਿਆਨ ਕਰਾਂ ਤਾਂ ਇਸ ਮਾਮਲੇ ਵਿੱਚ ਮੈ ਬਿਲਕੁਲ ਖੋਖਲਾ ਹਾਂ। ਲੋਕ ਕਹਿੰਦੇ ਹਨ ਸਾਰੀ ਖੁਦਾਈ ਏਕ ਤਰਫ ਪਰ ਜ਼ੋਰੂ ਕਾ ਭਾਈ ਏਕ ਤਰਫ। ਪਰ ਮੇਰੀ ਤਾਂ ਮੇਰੇ ਸਾਲਿਆਂ ਨਾਲ ਕਦੇ ਇੱਕ ਪਲ ਵੀ ਨਹੀ ਬਣੀ। ਹੁਣ ਤੇ ਦਾਲ ਕੋਲੀ ਦੀ ਸਾਂਝ ਤਾਂ ਕੀ ਜੁਬਾਨ ਦੀ ਸਾਂਝ ਵੀ ਖਤਮ ਹੈ। ਉਹਨਾ ਦੀਆਂ ਨਜਰਾਂ ਵਿੱਚ ਮੈ ਇੱਕ ਗਲਤ, ਗੈਰ ਜਿੰਮੇਦਾਰ, ਬੜਬੋਲਾ, ਲਾਲਚੀ ਨਾ ਜਾਣੇ ਕੀ ਕੀ ਹਾਂ। ਜਿਸਨੇ ਆਪਣੇ ਸਹੁਰਿਆਂ ਦੀ ਕਦਰ ਨਹੀ ਕੀਤੀ। ਹੁਣ ਰਿਸਤਿਆਂ ਦੇ ਮੋਹ ਦੇ ਮਨਮੱਤੇ ਲੇਖਕ ਦਾ ਆਪਣੇ ਘਰ ਵਿੱਚ ਜਾ ਰਿਸਤੇਦਾਰੀ ਵਿੱਚ ਆਹ ਹਾਲ ਹੈ।ਲੋਕ ਮੈਨੂੰ ਰਿਸਤਿਆਂ ਦਾ ਕਦਰਦਾਨ ਤੇ ਰਖਵਾਲਾ ਸਮਝਦੇ ਹਨ। ਪਰ ਮੈ ਰਿਸਤੇਦਾਰਾਂ ਅਨੁਸਾਰ ਥੋਥਾ ਚਨਾ ਹਾਂ। ਯਾਨਿ ਪੂਰੀ ਤਰਾਂ ਜੋਗੜਾ ਹਾਂ। ਪਰ ਬਾਹਰਲਿਆਂ ਦੀ ਨਜਰ ਵਿੱਚ ਸਿੱਧ ਹਾਂ ।ਉਹ ਸਿੱਧ ਜਿਸਨੇ ਕਦੇ ਆਪਣੀ ਮਾਂ ਸਮਾਨ ਸੱਸ ਨੂੰ ਪੈਰੀ ਪੈਣਾ ਨਹੀ ਕੀਤਾ। ਜੇ ਉਸਦੇ ਪੁੱਤਾਂ ਨੇ ਉਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਉਥੇ ਘੱਟ ਤਾਂ ਮੈਥੋ ਵੀ ਨਹੀ ਹੋਈ। ਬਰਾਬਰ ਦਾ ਦੋਸ਼ੀ ਹਾਂ ਮੈ ਵੀ ਜੋ ਸਾਲਿਆਂ ਦੀਆਂ ਖੁਸ਼ੀਆਂ ਵਿੱਚ ਕਦੇ ਸਰੀਕ ਨਹੀ ਹੋਇਆ। ਜਿਸਨੇ ਘਰੇ ਆਏ ਰਿਸਤਿਆਂ ਦਾ ਬਣਦਾ ਮਾਣ ਸਨਮਾਨ ਨਹੀ ਕੀਤਾ , ਉਹ ਰਿਸਤਿਆਂ ਦੇ ਮੋਹ ਦਾ ਝੰਡਾ ਚੁੱਕੀ ਫਿਰਦਾ ਹੈ। ਸੋਸਲ ਮੀਡੀਆ ਤੇ ਚਾਹੇ ਸੈਕੜੇ ਲੋਕੀ ਚਾਹੇ ਮੈਨੂੰ ਚਾਚਾ, ਤਾਇਆ, ਬਾਪੂ ਜਾ ਫੁਫੜ ਹੀ ਕਿਉ ਨਾ ਆਖੀ ਜਾਣ। ਪਰ ਆਪਣਿਆਂ ਤੋ ਮਿਲੀ ਬੇਕਦਰੀ ਤਾਂ ਮੈਨੂੰ ਘਰ ਦਾ ਜੋਗੀ ਜੋਗੜਾ ਹੀ ਗਰਨਾਦਦੀ ਹੈ। ਗੱਲ ਰਿਸਤਿਆਂ ਦੇ ਪਲੇਟਫਾਰਮ ਦੇ ਖਾਲੀਪਣ ਦੀ ਹੈ। ਦੋਸ਼ ਚਾਹੇ ਕਿਸੇ ਦਾ ਵੀ ਹੋਵੇ ਮੇਰਾ ਜਾ ਅਗਲਿਆਂ ਦਾ। ਪਰ ਰਿਸਤੇ ਨਿਭਾਉਣ ਵਿੱਚ ਜਿੱਥੇ ਉਹ ਅਸਫਲ ਹੋਏ ਹਨ ਉਥੇ ਮੈ ਵੀ ਤਾਂ ਬੁਰੀ ਤਰਾਂ ਨਾਲ ਫੇਲ ਹੋਇਆ ਹਾਂ।ਫਿਰ ਮੈ ਘਰ ਦਾ ਜੋਗੀ ਨਹੀ ਜੋਗੜਾ ਹੀ ਹੋਇਆ ਨਾ ।

ਜਦੋ ਅਸੀ ਆਪਣੇ ਧਰਮ ਪੇਸ਼ੇ ਦੀਆਂ ਚੰਗਿਆਈਆਂ ਨੂੰ ਨਜਰਅੰਦਾਜ ਕਰਕੇ ਦੂਸਰੇ ਦੇ ਧਰਮ ਪੇਸ਼ੇ ਦੀਆਂ ਚੰਗਿਆਈਆਂ ਦੇ ਗੁਣ ਗਾਉਂਦੇ ਹਾਂ। ਤਾਂ ਅਸੀ ਘਰ ਦੇ ਜੋਗੀ ਨੂੰ ਜੋਗੜਾ ਬਣਾਕੇ ਬਾਹਰ ਦੇ ਜੋਗੀ ਨੂੰ ਸਿੱਧ(ਪਹੁੰਚਿਆ ਹੋਇਆ) ਮੰਨਦੇ ਹਾਂ। ਇਹੀ ਸਾਡੀ ਵੱਡੀ ਭੁੱਲ ਹੁੰਦੀ ਹੈ। ਪਤਾ ਨਹੀ ਸਾਨੂੰ ਘਰ ਦੇ ਜੋਗੀ ਨੂੰ ਹੀ ਸਿੱਧ ਸਮਝਣ ਦੀ ਸੋਝੀ ਕਦੋ ਆਊਗੀ।



**ਰਮੇਸ ਸੇਠੀ ਬਾਦਲ**
**ਮੋ 98 766 27 233**

# ਯਮ

ਮੇਰੇ ਇੱਕ ਦੋਸਤ ਦੇ ਪਿਤਾ ਜੀ ਬੀਮਾਰ ਹੋ ਗਏ ਤਾਂ ਮੈਂ ਉਹਨਾ ਦਾ ਪਤਾ ਲੈਣ ਹਸਪਤਾਲ ਗਿਆ । ਮੇਰਾ ਦੋਸਤ ਹਸਪਤਾਲ ਦੇ ਬਾਹਰ ਹੀ ਆਪਣੇ ਜੀਜੇ ਨਾਲ ਖੜਾ ਮਿਲ ਗਿਆ ।ਸਰਸਰੀ ਗੱਲ ਬਾਤ ਤੋਂ ਬਾਅਦ ਮੈਂ ਹਸਪਤਾਲ ਦੇ ਅੰਦਰ ਜਾ ਕੇ ਪਤਾ ਲੈਣ ਦੀ ਇੱਛਾ ਜਤਾਈ ਤਾਂ ਮੇਰਾ ਦੋਸਤ ਆਪਣੇ ਜੀਜੇ ਨੂੰ ਕਹਿਣ ਲੱਗਾ," ਜੀਜਾ ਜੀ , ਤੁਸੀਂ ਤਾਂ ਫਿਰ ਇਥੇ ਹੀ ਰੁਕੋ ਅਸੀਂ ਆਉਂਦੇ ਹਾਂ ।" ਅਸੀਂ ਅੰਦਰ ਗਏ ਤਾਂ ਗੱਲਾਂ ਬਾਤਾਂ ਵਿੱਚ ਕਾਫੀ ਵਕਤ ਲੱਗ ਗਿਆ । ਦੋਸਤ ਦੇ ਪਿਤਾ ਜੀ ਕਾਫੀ ਠੀਕ ਸਨ । ਉਹਨਾ ਦੇ ਘਰੋਂ ਚਾਹ ਪਾਣੀ ਆ ਗਿਆ । ਜਦੋਂ ਸਾਰਿਆਂ ਨੂੰ ਚਾਹ ਦਿੱਤੀ ਗਈ ਤਾਂ ਮੈਂ ਉੱਠ ਕੇ ਕਿਹਾ ,"ਮੈਂ ਜੀਜਾ ਜੀ ਨੂੰ ਬੁਲਾ ਕੇ ਲਿਆਵਾਂ ਉਹ ਵੀ ਚਾਹ ਪੀ ਲੈਣਗੇ । "ਇੰਨਾ ਸੁਣਦੇ ਹੀ ਸਾਰਾ ਟੱਬਰ ਘਬਰਾਹ ਜਿਹਾ ਗਿਆ ," ਨਹੀਂ ਨਹੀਂ ਉਹਨੂੰ ਚਾਹ ਉੱਥੇ ਹੀ ਭੇਜ ਦਿੰਦੇ ਹਾਂ ।"ਤੇ ਮੇਰਾ ਦੋਸਤ ਚਾਹ ਦਾ ਕੱਪ ਤੇ ਨਾਲ ਨਿਕਸੁਕ ਜਿਹਾ ਲੈ ਕੇ ਬਾਹਰ ਨੂੰ ਚਲਾ ਗਿਆ । ਮੈਂ ਹੈਰਾਨ ਪਰੇਸ਼ਾਨ ਜਿਹਾ ਸੋਚਦਾ ਰਿਹਾ, ਪਰ ਬੋਲਿਆ ਕੁਝ ਨਹੀਂ । ਬਾਹਰ ਆ ਕੇ ਮੈਂ ਆਪਣੇ ਦੋਸਤ ਨੂੰ ਕਾਰਨ ਪੁੱਛਿਆ ਤਾਂ ਉਹਨੇ ਦੱਸਿਆ ," ਸਾਡੇ ਬਾਣੀਆਂ ਵਿੱਚ ਜਵਾਈ ਨੂੰ ਯਮ ਕਹਿੰਦੇ ਨੇ, ਇਸ ਕਰਕੇ ਬੀਮਾਰ ਸੱਸ ਸਹੁਰੇ ਦੇ ਸਾਹਮਣੇ ਨਹੀਂ ਹੋਣ ਦਿੰਦੇ ।" ਉਹਦੀ ਇਹ ਗੱਲ ਸੁਣ ਕੇ ਘਟਨਾਵਾਂ ਮੇਰੀਆਂ ਅੱਖਾਂ ਅੱਗੇ ਆ ਗਈਆਂ ।



**ਡਾਕਟਰ ਇੰਦਰਜੀਤ ਕਮਲ**

# ਸਾਹਿਤ ਸਮਾਜ

10/01/2025

## ਮੇਰਾ ਘੁਮਿਆਰਾ (ਭਾਗ 5)



ਮੈਂ ਆਪਣੇ ਜੀਵਨ ਦੇ ਪਹਿਲੇ ਕੋਈਂ ਪੰਦਰਾਂ। ਸੋਲਾਂ ਸਾਲ ਯਾਨੀ 1960 ਤੋਂ 1976 ਤੱਕ ਆਪਣੇ ਪਿੰਡ ਘੁਮਿਆਰਾ ਹੀ ਗੁਜ਼ਾਰੇ। ਮੈਂ ਦਸਵੀਂ ਤੱਕ ਉਥੇ ਹੀ ਪੜ੍ਹਿਆ ਹਾਂ।

ਪਹਿਲਾਂ ਤਾਂ ਆਮ ਘਰਾਂ ਵਿੱਚ ਦਸਵੀਂ ਪਾਸ ਕਰਦੇ ਹੀ ਜਾਂ ਪਹਿਲਾਂ ਮੁੰਡੇ ਨੂੰ ਵਿਆਹ ਦਿੱਤਾ ਜਾਂਦਾ ਸੀ। ਪਰ ਮੇਰੇ ਮਾਪਿਆਂ ਦੀ ਰੀਝ ਮੈਨੂੰ ਬੀ. ਏ. ਕਰਾਉਣ ਦੀ ਸੀ। ਓਦੋ ਇਹ ਸਕੂਲ ਹਾਈ ਹੀ ਸੀ। ਓਦੋਂ ਪਹਿਲੀ ਤੋਂ ਪਹਿਲਾਂ ਕੱਚੀ ਪੱਕੀ ਵੀ ਹੁੰਦੀ ਸੀ। ਮੇਰੀ ਪਹਿਲੀ ਅਧਿਆਪਕ ਜੀਤ ਕੌਰ ਸੀ ਜਿਸ ਨੂੰ ਅਸੀਂ ਅੱਜ ਵੀ ਜੀਤ ਭੈਣ ਜੀ ਦੇ ਨਾਮ ਨਾਲ ਯਾਦ ਕਰਦੇ ਹਾਂ। ਓਦੋਂ ਸ੍ਰੀ ਗੁਰਚਰਨ ਸਿੰਘ ਮੁਸਾਫ਼ਿਰ ਘੁਮਿਆਰਾ ਸਕੂਲ ਦੇ ਹੈਡਮਾਸਟਰ ਹੁੰਦੇ ਹਨ। ਵੈਸੇ ਕਹਿੰਦੇ ਸਭ ਤੋਂ ਪਹਿਲਾਂ ਕੋਈਂ ਬਲਬੀਰ ਸਿੰਘ ਅਤੇ ਉਸ ਦੀ ਪਤਨੀ ਅਧਿਆਪਕ ਸਨ। ਜੋ ਬਾਅਦ ਵਿੱਚ ਵੜਿੰਗ ਖੇੜੇ ਰਹਿਣ ਲੱਗ ਪਏ। ਉਹਨਾਂ ਨੇ ਈਸਾਈ ਧਰਮ ਗ੍ਰਹਿਣ ਕਰ ਲਿਆ ਸੀ। ਓਹਨਾ ਦੇ ਦੋ ਬੇਟੇ ਸਨ ਕੁਲਬੀਰ ਅਤੇ ਦਲਬੀਰ। ਦਲਬੀਰ ਆਪਣਾ ਨਾਮ ਵਿਲੀਅਮ ਪਾਸੀਂ ਦੱਸਦਾ ਹੁੰਦਾ ਸੀ। ਜਦੋਂ ਬਾਕੀ ਦੇ ਅਧਿਆਪਕਾਂ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਸ੍ਰੀ ਰਾਜ ਕੁਮਾਰ ਬਾਗਲਾ, ਸ੍ਰੀ ਮਨੋਹਰ ਲਾਲ ਕਾਮਰਾ, ਮਾਸਟਰ ਬੰਤਾ ਸਿੰਘ, ਮਾਸਟਰ ਦਰਸ਼ਨ ਸਿੰਘ ਸਿੱਧੂ ਸਿੰਘੇਵਾਲਾ, ਸ੍ਰੀ ਨਛੱਤਰ ਸਿੰਘ, ਗਿਆਨੀ ਮਹਿੰਦਰ ਸਿੰਘ ਭਾਊ, ਮਾਸਟਰ ਜ਼ੋਰਾ ਸਿੰਘ ਅਤੇ ਗੁਰਲਾਭ ਸਿੰਘ ਭੀਟੀਵਾਲਾ ਬਹੁਤ ਯਾਦ ਆਉਂਦੇ ਹਨ। ਮਾਸਟਰ ਕੇਵਲ ਕ੍ਰਿਸ਼ਨ ਸ਼ਰਮਾ ਜੀ ਬਠਿੰਡਾ ਲਾਗੇ ਲੇਲੇਆਣਾ ਪਿੰਡ ਦੇ ਸਨ ਹਿੰਦੀ ਮਾਸਟਰ ਸਨ। ਉਹ ਮਹਾਂ ਭਾਰਤ ਦੀਆਂ ਕਹਾਣੀਆਂ ਬਹੁਤ ਸੁਣਾਉਂਦੇ। ਡੀ ਪੀ ਗੁਰਮੇਲ ਸਿੰਘ ਅਤੇ ਡਰਾਇੰਗ ਮਾਸਟਰ ਸੁਖਦੇਵ ਸਿੰਘ ਫੱਤਾਕੇਰਾ ਵੀ ਵਾਧੂ ਯਾਦ ਆਉਂਦੇ ਹਨ। ਮਾਸਟਰ ਸੁਖਦੇਵ ਸਿੰਘ ਪੈਨਸਿਲ ਨਾਲ ਹੀ ਚੀਕਾਂ ਕਢਵਾ ਦਿੰਦੇ। ਉਂਜ ਸਾਡੇ ਪਿੰਡ ਦੇ ਹੀ ਕਰਤਾਰ ਸਿੰਘ ਮਾਸਟਰ ਅਤੇ ਜਸਵੰਤ ਮਾਸਟਰ ਵੀ ਸਨ। ਕਰਤਾਰ ਮਾਸਟਰ ਦਾ ਬੇਟਾ ਬਲਦੇਵ ਸ਼ੁਰੂ ਤੋਂ ਹੀ ਮੇਰਾ ਸਹਿਪਾਠੀ ਸੀ। ਨਿਰਮਲ ਕੌਰ ਨਾਮ ਦੀ ਭੈਣ ਜੀ ਵੀ ਸਾਨੂੰ ਪੜ੍ਹਾਉਂਦੇ ਸਨ। ਪਤਾ ਨਹੀਂ ਕਿਓ ਬੱਚੇ ਉਹਨਾਂ ਨੂੰ ਟੀਟੀਰੀਂ ਆਖਦੇ ਸਨ। ਮੈਡਮ ਮਹਿੰਦਰ ਕੌਰ ਸਾਡੇ ਗੁਆਂਢ ਵਿੱਚ ਹੀ ਰਹਿੰਦੇ ਰਹੇ ਹਨ। ਉਹ ਬਿਲਕੁਲ ਸਾਦੇ ਅਤੇ ਦੇਸੀ ਸਨ। ਬਾਘੇਪੁਰਾਣੇ ਦੇ ਨੇੜਲੇ ਪਿੰਡ ਪੰਜਗਰਾਹੀਂ ਤੋਂ ਮਾਸਟਰ ਗੁਰਮੀਤ ਸਿੰਘ ਅਤੇ ਉਹਨਾਂ ਦੀ ਮੈਡਮ ਬਲਵਿੰਦਰ ਕੌਰ ਵੀ ਮੈਨੂੰ ਪੜ੍ਹਾਉਂਦੇ ਸਨ। ਮਾਸਟਰ ਜੀ ਦਾ ਸੁਭਾਅ ਥੋੜਾ ਸਖਤ ਸੀ ਤੇ ਬਲਵਿੰਦਰ ਭੈਣ ਜੀ ਬਹੁਤ ਹੱਸਮੁੱਖ ਸਨ। ਉਹ ਸੁਨਿਆਰ ਪਰਿਵਾਰ ਚੋਂ ਸਨ। ਇੱਕ ਸ੍ਰੀ ਹੰਸ ਰਾਜ ਤਨੇਜਾ ਸਾਨੂੰ ਛੋਟੀਆਂ ਜਮਾਤਾਂ ਵਿੱਚ ਸਾਇੰਸ ਪੜ੍ਹਾਉਂਦੇ ਸਨ ਉਹ ਸਰੀਰ ਦੇ ਜੋੜਾਂ ਬਾਰੇ ਖੁੱਲ੍ਹਕੇ ਦੱਸਦੇ। ਮੰਡੀ ਡੱਬਵਾਲੀ ਤੋਂ ਸ੍ਰੀ ਰਾਮਦਿਆਲ ਸੇਠੀ ਅਤੇ ਸ੍ਰੀ ਜੋਗਿੰਦਰਪਾਲ ਗਰੋਵਰ ਵੀ ਸਾਨੂੰ ਕਾਫੀ ਦੇਰ ਪੜ੍ਹਾਉਂਦੇ ਰਹੇ। ਸ਼ਕੂਲ ਦੇ ਪੁਰਾਣੇ ਕਲਰਕ ਅਮਰੀਕ ਸਿੰਘ ਅਤੇ ਸ੍ਰੀ ਦਰਸ਼ਨ ਸਿੰਘ ਜੀ ਦਾ ਜਿਕਰ ਕਰਨਾ ਵੀ ਜਰੂਰੀ ਹੈ। ਦਰਸ਼ਨ ਸਿੰਘ ਪਿੰਡ ਵਣਵਾਲਾ ਅਣੂ ਤੋਂ ਸੀ ਅਤੇ ਬਾਅਦ ਵਿੱਚ ਐਸ ਐਸ ਮਾਸਟਰ ਪ੍ਰਮੋਟ ਹੋ ਗਏ ਸਨ। ਪ੍ਰਸਿੱਧ ਸਿਖਿਆ ਸ਼ਾਸਤਰੀ ਪ੍ਰੋ ਨੰਦ ਕਿਸ਼ੋਰ ਜੀ ਦੀ ਭੈਣ ਕ੍ਰਿਸ਼ਨਾ ਸ਼ਰਮਾ ਮੇਰੇ ਹਿੰਦੀ ਦੇ ਟੀਚਰ ਸਨ। ਮੈਂ ਉਹਨਾਂ ਨੂੰ ਮਾਸੀ ਜੀ ਆਖਦਾ। ਫਿਰ ਸ੍ਰੀ ਰਜਿੰਦਰ ਸਿੰਘ ਸਚਦੇਵਾ ਸਾਡੇ ਇੰਚਾਰਜ ਹੈਡਮਾਸਟਰ ਬਣਕੇ ਆਏ। ਮੈਡਮ ਜਸਵੰਤ ਕੌਰ ਸਾਨੂੰ ਪਹਿਲਾਂ ਹੀ ਪੰਜਾਬੀ ਪੜ੍ਹਾਉਂਦੇ ਸਨ। ਇਹ ਮੇਰੇ ਨਾਨਕਿਆਂ ਦੀ ਗੋਤ ਦੇ ਸਨ ਤੇ ਮੈਂ ਮਾਮਾ ਜੀ ਆਖਦਾ। ਇਹ੍ਹਨਾਂ ਦੇ ਤਿੰਨ ਬੇਟੇ ਵੱਡਾ ਛੋਟਾ ਤੇ ਨੰਨਾ ਸਨ ਤੇ ਦੋ ਬੇਟੀਆਂ ਪੰਮੀ ਤੇ ਗੁਰਵਿੰਦਰ ਸਨ। ਹਾਕੂਵਾਲੇ ਤੋਂ ਮਾਸਟਰ ਬਚਿੱਤਰ ਸਿੰਘ ਵੀ ਕੁਝ ਸਮਾਂ ਘੁਮਿਆਰੇ ਰਹੇ। ਇੱਕ ਅੰਗਰੇਜਾਂ ਵਰਗੇ ਰੰਗ ਅਤੇ ਸਫੈਦ ਵਾਲਾ ਵਾਲੇ ਅਧਿਆਪਕ ਵੀ ਕੁਝ ਸਮਾਂ ਸਾਨੂੰ ਪੜ੍ਹਾਉਂਦੇ ਰਹੇ ਸ਼ਾਇਦ ਉਹਨਾਂ ਦਾ ਨਾਮ ਮਾਸਟਰ ਸੁਭਾਸ਼ ਜੀ ਸੀ। ਜਦੋਂ ਮੈਂ ਛੇਵੀਂ ਜਮਾਤ ਵਿੱਚ ਸੀ ਤਾਂ ਸ੍ਰੀ ਜੋਗਿੰਦਰ ਸਿੰਘ ਜੋਗਾ ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਸਨ। ਉਹਨਾਂ ਨੇ ਮੈਨੂੰ ਸੱਜੇ ਹੱਥ ਨਾਲ ਲਿਖਣ ਦੀ ਆਦਤ ਪਾਉਣ ਲਈ ਬਹੁਤ ਕੋਸ਼ਿਸ਼ ਕੀਤੀ। ਇਸੇ ਦੌਰਾਨ ਸ੍ਰੀ ਸਰਵਣ ਸਿੰਘ ਹੈਡਮਾਸਟਰ ਵੀ ਥੋੜੇ ਸਮੇਂ ਲਈ ਆਏ ਉਹ ਸੰਗਰੂਰ ਤੋਂ ਸਨ। ਉਹ ਜਲਦੀ ਹੀ ਬਦਲੀ ਕਰਵਾਕੇ ਆਪਣੇ ਇਲ-ਾਕੇ ਵੱਲ ਚਲੇ ਗਏ। ਫਿਰ ਸ੍ਰੀ ਹਰਬੰਸ ਸਿੰਘ ਸੇਖੋਂ ਨੇ ਬਤੌਰ ਹੈਡ ਮਾਸਟਰ ਚਾਰਜ ਸੰਭਾਲ ਲਿਆ। ਸੇਖੋਂ ਸਾਹਿਬ ਬਹੁਤ ਮਹਿਨਤੀ ਸਨ ਅਤੇ ਮੇਰੇ ਪਾਪਾ ਜੀ ਦੇ ਸਹਿਪਾਠੀ ਸ੍ਰੀ ਅਜਮੇਰ ਸਿੰਘ ਦੇ ਬਹਿਣੋਈ ਸਨ। ਸੇਖੋਂ ਸਾਹਿਬ ਨੂੰ ਕੋਈਂ ਮਾਸਟਰ ਜੀ ਨਹੀਂ ਸੀ ਆਖ ਸਕਦਾ। ਉਹ ਹੈਡਮਾਸਟਰ ਅਖਵਾਕੇ ਖੁਸ਼ ਹੁੰਦੇ। ਸਕੂਲ ਦੇ ਚੌਕੀਦਾਰ ਸ੍ਰੀ ਗੁਰਦਿਆਲ ਸਿੰਘ ਅਤੇ ਮਾਲੀ ਰਾਮੂ ਨੂੰ ਯਾਦ ਕਰਨਾ ਵੀ ਜ਼ਰੂਰੀ ਹੈ। ਉਹਨਾਂ ਦਿਨਾਂ ਵਿੱਚ ਸਕੂਲ ਦਾ ਇੱਕ ਪੀਅਨ ਵੀ ਹੁੰਦਾ ਸੀ ਜੋ ਲੋਹਾਰੇ ਤੋਂ ਸੀ। ਉਸ ਦਾ ਨਾਮ ਗੁਰਮੁੱਖ ਸਿੰਘ ਸੀ। ਦਰਜਾ ਚਾਰ ਮੁਲਾਜਮਾਂ ਦਾ ਵੀ ਕਿਸੇ ਸੰਸਥਾ ਵਿੱਚ ਅਹਿਮ ਸਥਾਨ ਹੁੰਦਾ ਹੈ। ਭਾਵੇਂ ਆਪਣੇ ਇਸ ਦਸ ਗਿਆਰਾਂ ਸਾਲਾਂ ਦੇ ਸਕੂਲੀ ਸਫ਼ਰ ਦੇ ਬਹੁਤੇ ਅਧਿਆਪਕਾਂ ਨੂੰ ਯਾਦ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਫਿਰ ਵੀ ਲੱਗਦਾ ਹੈ ਕਿ ਮੈਂ ਸਭ ਨਾਲ ਨਿਆਂ ਨਹੀਂ ਕਰ ਸਕਿਆ।



**ਰਮੇਸ ਸੇਠੀ ਬਾਦਲ**
**ਮੋ 98 766 27 233**

# ਖਾਹਮਖਾਹ ਦੀਆਂ ਚੋਟਾਂ


ਖਾਹਮਖਾਹ ਦੀਆਂ ਚੋਟਾਂ, "ਆ ਬੈਲ ਮੁਝੇ ਮਾਰ", ਵਾਲੀਆਂ ਪ੍ਰਵਿਰਤੀਆਂ ਕਰਕੇ, ਲਗਦੀਆਂ ਹਨ।ਸਿਆਸਤੀ ਬੰਦੇ ਹੋਣ ਕਰਕੇ ਮੇਰੇ ਪਿਤਾ ਜੀ ਅਕਸਰ ਹੀ ਕਦੀ ਸਾਮਾਣੇ, ਕਦੀ ਪਟਿਆਲੇ,ਕਦੀ ਨਾਭੇ,ਕਦੀ ਭਵਾਨੀਗੜ੍ਹ ਅਕਸਰ ਹੀ ਜਾਂਦੇ ਰਹਿੰਦੇ ਸਨ।ਮੈਨੂੰ ਵੀ ਆਦਤ ਹੁੰਦੀ ਸੀ, ਉਹਨਾਂ ਦੇ ਪਿੱਛੇ ਪਿੱਛੇ ਲੱਗੇ ਰਹਿਣਾ ਤੇ ਨਾਲ ਚਲੇ ਜਾਣਾ। ਹਰ ਵਾਰੀ ਤਾਂ ਨਹੀਂ ਲੈ ਕੇ ਜਾਂਦੇ ਸਨ,ਪਰ1956 ਵਿੱਚ ਜਦੋਂ ਮੈਂ 10-11 ਸਾਲ ਦਾ ਸੀ, ਮੈਂ ਜਿੱਦ ਕਰਕੇ ਨਾਭੇ ਚਲਾ ਗਿਆ, ਚਾਰ ਪੰਜ ਜਣੇ ਸਨ, ਸਾਰੇ ਸਾਈਕਲਾਂ ਤੇ ਮੈਂ ਪਿਤਾ ਜੀ ਨਾਲ ਪਿਛਲੇ ਕੈਰੀਅਰ ਤੇ, ਦੋਨੇ ਪਾਸੇ ਲੱਤਾਂ ਕਰਕੇ ਬੈਠ ਗਿਆ। ਥੂਹੀ ਪਿੰਡ ਤੱਕ ਤਾਂ ਠੀਕ ਬੈਠਾ ਰਿਹਾ, ਨਹਿਰ ਦੀ ਪਟੜੀ ਪਟੜੀ ਜਾ ਰਹੇ ਸੀ, ਮੈਨੂੰ ਨੀਂਦ ਆ ਗਈ। ਮੇਰਾ ਸੱਜਾ ਪੈਰ ਸਾਈਕਲ ਦੀਆਂ ਗਜ਼ਾਂ ਵਿੱਚ ਫਸ ਗਿਆ, ਚਾਰ ਪੰਜ ਗ਼ਜ਼ ਤੋੜ ਦਿੱਤੇ, ਮੇਰੇ ਪੈਰ ਚ ਵੀ ਆ ਮੋਚ ਆ ਕੇ ਧਰਤੀ ਤੇ ਥੱਲੇ ਨਹੀਂ ਲੱਗ ਰਿਹਾ ਸੀ। ਨੇੜੇ ਤੇੜੇ ਕੋਈ ਸਾਈਕਲ ਮਰੰਮਤ ਵਾਲੇ ਦੀ ਦੁਕਾਨ ਨਹੀਂ ਸੀ। ਥੂਹੀ ਦੇ ਨਹਿਰ ਪੁੱਲ ਪਾਰ, ਇੱਕ ਦੁਕਾਨ ਸੀ ਪਰ ਸਿਰਫ ਪੈਂਚਰ ਲਾਉਂਦਾ ਸੀ। ਗ਼ਜ਼ ਬਦਲਣ ਦਾ ਤੇ ਚੱਕੇ ਦਾ ਵਲ ਕੱਢਣ ਵਾਲਾ ਸਟੈਂਡ ਉਸ ਕੋਲ ਨਹੀਂ ਸੀ।ਜਿਸ ਸਾਈਕਲ ਤੇ ਅਸੀਂ ਬੈਠੇ ਸੀ, ਉਹ ਨਕਾਰਾ ਹੋ ਗਿਆ। ਦੂਸਰੇ ਸਾਈਕਲ ਤੇ ਲੱਦ ਕੇ, ਤੀਸਰੇ ਸਾਈਕਲ ਤੇ ਮੇਰੀ ਪੱਗ ਖੋਲ ਕੇ ਗਿੱਟੇ ਤੇ ਲਪੇਟੀ ਤਾਂ ਨਾਭੇ ਜਾ ਕੇ ਪਲਸਤਰ ਲਗਵਾਇਆ। ਸਾਈਕਲ ਦੀਆਂ ਤਾਰਾਂ ਦੁਲੱਦੀ ਚਰਾਹੇ ਤੇ ਬਦਲਵਾਈਆਂ। ਇੱਕ ਡੇਢ ਘੰਟਾ ਉਸਨੇ ਖਾ ਲਿਆ। ਬਾਪੂ ਜੀ ਜਿਸ ਕੰਮ ਆਏ ਸੀ ਵਿੱਚ-ਵਿਚਾਲੇ ਰਹਿ ਗਿਆ। ਇਹ ਸੀ ਮੇਰਾ ਜ਼ਿੰਦਗੀ ਦਾ ਨਾਭੇ ਦਾ ਪਹਿਲਾ ਟੂਰ।

ਅਗਲੀ ਘਟਨਾ ਮੇਰੇ ਪਹਿਲੇ ਵਿਆਹ ਤੋਂ ਬਾਅਦ ਦੀ ਹੈ। ਐਮਏ ਬੀਐਡ ਕਰਕੇ ਮੈਂ ਅਜੇ ਬੇਰੁਜ਼ਗਾਰ ਸੀ। ਪਤਨੀ ਆਪਣੀ ਨੌਕਰੀ ਛੱਡ ਕੇ ਆ ਗਈ। ਪ੍ਰੈਗਨੈਂਸੀ ਦੌਰਾਨ ਪਟਿਆਲੇ ਅਮਰ ਹਸਪਤਾਲ ਵਿੱਚ ਚੈੱਕਅਪ ਲਈ ਜਾਂਦੇ ਸੀ ਉਥੋਂ ਚੈੱਕਅਪ ਕਰਾ ਕੇ ਪਿੰਡ ਆ ਗਏ। ਅਗਲੇ ਦਿਨ ਫਿਰ ਪਟਿਆਲੇ ਜਾਣਾ ਪੈ ਗਿਆ,ਪ੍ਰੈਗਨੈਂਸੀ ਦੀ ਟਰਮੀਨੇਸ਼ਨ ਕਰਾਉਣੀ ਪਈ। ਪਿੰਡ ਵਾਪਸ ਆ ਰਹੇ ਸੀ, ਅਜੇ ਪਹੁੰਚੇ ਨਹੀਂ ਸੀ, ਰਜਵਾਹੇ ਦੇ ਪੁਲ ਤੇ ਹੀ ਸੂਚਨਾ ਮਿਲੀ ਕਿ ਤੁਹਾਡੇ ਬਾਪੂ ਜੀ ਗਿਰਧਾਰੀ ਬਾਣੀਏ ਨਾਲ ਜੀਪ ਵਿੱਚ ਲੁਧਿਆਣੇ ਗਏ ਸੀ ਵਾਪਸੀ ਉੱਤੇ ਗਿੱਲ ਰੋਡ ਤੇ ਐਕਸੀਡੈਂਟ ਹੋ ਗਿਆ ਉਹਨਾਂ ਦੇ ਕਾਫੀ ਸੱਟਾਂ ਲੱਗੀਆਂ ਹਨ। ਬਚਣ ਦਾ ਵੀ ਕੋਈ ਪਤਾ ਨਹੀਂ।ਮੈਂ ਪਤਨੀ ਨੂੰ ਪਿੰਡ ਘਰੇ ਛੱਡ ਕੇ ਵਾਯਾ ਨਾਭਾ,ਮਲੇਰਕੋਟਲਾ, ਲੁਧਿਆਣੇ ਵਾਸਤੇ ਚੱਲ ਪਿਆ। ਮਲੇਰਕੋਟਲਾ ਲੰਘ ਕੇ ਤਿੰਨ ਕੁ ਕਿਲੋਮੀਟਰ ਤੇ ਭੋਗੀਵਾਲ ਪਿੰਡ ਦੇ ਨੇੜੇ ਮੇਰੇ ਅੱਗੇ ਰੇਹੜਾ ਜਾ ਰਿਹਾ ਸੀ, ਸੱਜੇ ਪਾਸੇ ਤੋਂ ਮੈਂ ਵੀ ਕਰਾਸ ਕਰਨਾ ਸੀ ਇੱਕ ਸਾਈਕਲ ਵਾਲਾ ਵੀ ਬਹੁਤ ਕਾਹਲਾ ਬਰਾਬਰ ਤੋਂ ਲੰਘਣ ਲੱਗਿਆ ਸੜਕ ਤੇ ਅਸੀਂ ਤਿੰਨੇ ਬਰਾਬਰ ਹੋ ਗਏ। ਸੜਕ ਇਕਹਿਰੀ ਸੀ ਸਾਹਮਣੇ ਤੋਂ ਬੱਸ ਆ ਰਹੀ ਸੀ,ਹੌਰਨ ਮਾਰਦੀ। ਜੇ ਮੈਂ ਸਿੱਧਾ ਜਾਂਦਾ ਤਾਂ ਮੇਰੀ ਟੱਕਰ ਹੋ ਜਾਣੀ ਸੀ, ਮੈਂ ਸੜਕ ਦੇ ਬਿਲਕੁਲ ਸੱਜੇ ਪਾਸੇ ਮੋਟਰਸਾਈਕਲ ਉਤਾਰ ਲਿਆ।ਰੇਤਲੀ ਥਾਂ ਹੋਣ ਕਰਕੇ ਮੋਟਰਸਾਈਕਲ ਦਾ ਹੈਂਡਲ ਡਗਮਗਾ ਕੇ ਡਿੱਗ ਪਿਆ।ਅੱਗੇ ਟੈਲੀਫੋਨ ਖੰਭਾ ਸੀ,ਉਸ ਦੀ ਖਿੱਚ ਦੇ ਵਿੱਚ ਮੂਹਰਲਾ ਪਹੀਆ ਫਸ ਗਿਆ,ਮੋਟਰਸਾਈਕਲ ਸੱਜੇ ਪਾਸੇ ਗਿਰਿਆ ਤੇ ਮੈਂ ਖੱਬੇ ਪਾਸੇ ਪੱਕੀ ਥਾਂ ਤੇ। ਡਿੱਗਣ ਸਾਰ ਤਾਂ ਮੈਨੂੰ ਪਤਾ ਨਾ ਲੱਗਿਆ,ਮੋਢੇ ਅਤੇ ਗਲ ਦੇ ਵਿਚਾਲੇ ਸੋਜਾ ਆ ਗਿਆ। ਨੇੜੇ ਹੀ ਪਿੰਡ ਦੇ ਅੱਡੇ ਤੇ ਦੁਕਾਨ ਵਾਲਿਆਂ ਨੇ ਚੁੱਕਿਆ, ਮੰਜੇ ਤੇ ਪਾ ਕੇ ਮੇਰੀ ਮਾਲਿਸ਼ ਵਾਲੇ ਤੋਂ ਮਾਲਸ਼ ਵੀ ਕਰਵਾਈ ਰਾਤ ਨੂੰ ਦੁੱਧ ਪੀਣ ਨੂੰ ਦਿੱਤਾ ਫਿਰ ਖਾਣਾ ਵੀ ਦਿੱਤਾ। ਹਨੇਰਾ ਹੋ ਚੁੱਕਿਆ ਸੀ ਰਾਤ ਕੱਟੀ ਸਵੇਰ ਤੱਕ ਹੋਰ ਵੀ ਸੋਜਿਸ਼ ਆ ਗਈ। ਮੈਂ ਸੋਚੀ ਜਾਵਾਂ ਕਿ ਲੁਧਿਆਣੇ ਜਾ ਕੇ ਬਾਪੂ ਜੀ ਦਾ ਪਤਾ ਲੈਣਾ ਹੈ, ਮੋਬਾਇਲ ਦੀ ਕੋਈ ਸੁਵਿਧਾ ਨਹੀਂ ਸੀ। ਦੁਕਾਨ ਵਾਲੇ ਬਹੁਤ ਭਲੇਮਾਣਸ ਚੰਗੇ ਬੰਦੇ ਸਨ ਮੇਰੇ ਖੱਬੇ ਪਾਸੇ ਦੇ ਟੁੱਟੇ ਹੋਏ ਹਾਂਸ ਦੀ ਮਾਲਿਸ਼ ਵਾਸਤੇ ਬੰਦਾ ਬੁਲਾਇਆ ਉਸਨੇ ਜਵਾਬ ਦੇ ਦਿੱਤਾ ਕਿ ਮਲੇਰਕੋਟਲੇ ਬਾਜ਼ਾਰ ਵਿੱਚ ਖਾਨ ਮੁਸਲਮਾਨ ਤੋਂ ਠੀਕ ਕਰਵਾਓ। ਰੇਹੜੇ ਵਾਲਾ ਮੈਨੂੰ ਤੇ ਮੋਟਰਸਾਈਕਲ ਨੂੰ ਫਰੀ ਵਿੱਚ ਮਲੇਰਕੋਟਲੇ ਬਾਜ਼ਾਰ ਵਿੱਚ ਛੱਡ ਗਿਆ, ਉੱਥੇ ਰਾਜਦੂਤ ਮੋਟਰਸਾਈਕਲ ਦੀ ਵਾਲਿਆਂ ਦੀ ਏਜੰਸੀ ਵੀ ਨੇੜੇ ਹੀ ਸੀ। ਉਹਨਾਂ ਸਮਿਆਂ ਵਿੱਚ 200 ਰੁਪਏ ਲਏ ਤੇ ਫਰੀ ਸਰਵਿਸ ਕੀਤੀ, ਟੁੱਟੀ ਹੋਈ ਪਲੇਟ ਤੇ ਤਾਰਾਂ ਬਦਲ ਕੇ ਦਿੱਤੀਆਂ।ਮਾਲਿਸ਼ ਵਾਲੇ ਨੇ ਮਾਲਿਸ਼ ਕਰਕੇ ਖੱਬੇ ਪਾਸੇ ਬੰਦਾ ਖੜਾਕੇ ਖੱਬੀ ਬਾਂਹ ਨੂੰ ਖਿੱਚਣ ਤੇ ਹਾਂਸ ਦੀਆਂ ਟੁੱਟੀਆਂ ਹੱਡੀਆਂ ਨੂੰ ਇੱਕ ਦੂਸਰੇ ਦੀ ਸੇਧ ਵਿੱਚ ਲਿਆ ਕੇ ਜੋੜ ਦਿੱਤਾ

ਦੋਨੋਂ ਪਾਸੇ ਗੱਤੇ ਦੇ ਪੀਸ ਰੱਖ ਕੇ ਕਾਟਨ (ਰੂੰ) ਦੇ ਪਟੇ ਰੱਖ ਕੇ ਪੱਟੀਆਂ ਬੰਨ ਦਿੱਤੀਆਂ, ਬਾਂਹ ਤੇ ਮੋਢੇ ਤੋਂ ਲੈ ਕੇ ਗੁੱਟ ਨਾਲ ਲੰਬੀ ਪੱਟੀ ਨਾਲ (ਬਾਂਹ ਥੱਲੇ ਨਾ ਲਮਕੇ, ਉਸਨੂੰ ਰੋਕਣ ਵਾਸਤੇ) ਬੰਨ ਦਿੱਤਾ 15-20 ਦਿਨਾਂ ਬਾਅਦ ਮੇਰੀ ਸੱਟ ਨੂੰ ਆਰਾਮ ਆਇਆ। ਅਗਲੇ ਦੋ ਦਿਨ ਬਾਅਦ ਮੈਂ ਪਿੰਡ ਪਹੁੰਚਿਆ ਕੁਦਰਤੀ ਉਸ ਦਿਨ ਹੀ ਮੇਰੇ ਬਾਪੂ ਜੀ ਸੱਜੀ ਬਾਂਹ ਤੇ ਪਲੱਸਤਰ ਲੱਗੇ ਲੁਧਿਆਣੇ ਤੋਂ ਮੁੜੇ ਸਨ। ਘਰਦਿਆਂ ਨੂੰ ਮੇਰੇ ਪਹੁੰਚਣ ਤੇ ਹੀ ਮੇਰੇ ਐਕਸੀਡੈਂਟ ਬਾਰੇ ਪਤਾ ਲੱਗਿਆ। ਉਹ ਫਿਕਰ ਕਰ ਰਹੇ ਸਨ ਕਿ ਮੈਂ ਲੁਧਿਆਣੇ ਕਿਉਂ ਨਹੀਂ ਪਹੁੰਚਿਆ।

ਤਿੰਨ ਜਨਵਰੀ ਨੂੰ ਮੇਰੀ ਪਤਨੀ ਦਾ ਜਨਮ ਦਿਨ ਸੀ।4 ਜਨਵਰੀ2025 ਨੂੰ ਖਾਹਮਖਾਹ ਦੀ ਚੋਟ ਨਾਲ ਮੇਰਾ ਭੋਗ ਪੈ ਜਾਣਾ ਸੀ। ਹੋਇਆ ਇੰਝ, ਮੈਂ ਸਵੇਰੇ 7 ਵਜੇ ਹੀ ਨਹਾਉਣ ਚਲਾ ਗਿਆ, ਸਰਦੀ ਕਰਕੇ ਕਈ ਦਿਨ ਤਾਂ ਨਹਾਉਂਦਾ ਹੀ ਨਹੀਂ , ਜੇ ਨਹਾਉਣ ਲੱਗਿਆ ਤਾਂ ਉਹ ਕਹਾਵਤ ਲਾਗੂ ਹੋ ਗਈ "ਗੰਜੀ ਜੇ ਖੁਰਕੇ ਨਾ ਤਾਂ ਖੁਰਕਦੀ ਨ੍ਹੀਂ ,ਜੇ ਖੁਰਕਣ ਲੱਗਜੇ ਤਾਂ ਸਿਰ ਉਚੇੜ ਲੈਂਦੀ ਹੈ।"ਮੈਂ ਕੋਸੇ ਪਾਣੀ ਨਾਲ ਨਹਾ ਲਿਆ, ਨਾਰੀਅਲ ਦਾ ਤੇਲ ਵੀ ਗਰਮ ਪਾਣੀ ਚ ਗਰਮ ਕਰ ਲਿਆ ਸੀ।ਨਹਾਕੇ, ਅੰਦਰ ਹੀ ਖੜ ਕੇ ਸਾਰੇ ਪਿੰਡੇ ਤੇ ਤੇਲ ਲਾਇਆ। ਹਵਾਈ ਚੱਪਲ ਪਾਈ ਹੋਈ ਸੀ। ਸੱਜੇ ਪੈਰ ਦੀ ਤਲੀ ਤੇ ਤੇਲ ਲਗਾ ਲਿਆ, ਮੈਂ ਖੱਬੇ ਹੱਥ ਨਾਲ ਦਰਵਾਜੇ ਦਾ ਹੈਂਡਲ ਵੀ ਫੜਿਆ ਹੋਇਆ ਸੀ। ਫਿਰ ਖੱਬੇ ਪੈਰ ਦੇ ਤਲੇ ਤੇ ਤੇਲ ਲਾਉਣ ਲੱਗਿਆ, ਪੈਰ ਅਜਿਹਾ ਫਿਸਲਿਆ, ਹੈਂਡਲ ਛੁੱਟ ਗਿਆ ਮੇਰੇ ਸੱਜੇ ਹੱਥ ਦੇ ਗੁੱਟ ਤੇ ਗੁੱਝੀ ਸੱਟ ਲੱਗੀ, ਸਿਰ ਵੀ ਮੇਰਾ ਬਾਥਰੂਮ ਦੇ ਫਰਸ਼ ਤੇ ਜੋਰ ਨਾਲ ਵੱਜਿਆ। ਬੜੀ ਮੁਸ਼ਕਿਲ ਨਾਲ ਬੈਠਾ ਹੋਇਆ ਫਿਰ ਵਾਸ਼-ਬੇਸਨ ਦੇ ਬਾਊਲ ਨੂੰ ਹੱਥ ਪਾ ਕੇ ਉੱਠਿਆ ਤੇ ਚਿਟਕਣੀ ਖੋਲ ਕੇ ਬਾਹਰ ਆਇਆ।





**ਅਮਰਜੀਤ ਸਿੰਘ ਤੂਰ**
**ਫੋਨ ਨੰਬਰ :**
**9878469639**

# ਪਹਿਲਾ ਮੈਗਜ਼ੀਨ ਲੋਕ ਅਰਪਣ

ਸਮਾਂ ਸਿਰਫ 24 ਘੰਟੇ।ਚੌਵੀਆਂ ਚੋਂ ਦਸ ਘੰਟੇ ਰਾਤ ਦੇ ਲੇਖੇ ਵੀ ਲੱਗਣੇ ਸਨ।ਪਰ ਅਸੀਂ ਰਾਤ ਦਾ ਮਿੰਨਤ- ਤਰਲਾ ਜਿਹਾ ਕਰਕੇ ,ਉਸ ਨੂੰ ਪੰਜ ਕੁ ਨਾਲ ਹੀ ਲਈ ਮਨਾ ਲਿਆ।

ਗੱਲ ਕੁੱਝ ਇਉਂ ਸੀ।ਕਾਲਜ ਦਾ ਐਨ ਐਸ ਐਸ ਕੈਂਪ।ਪਤਾ ਨਹੀਂ ਕੀ ਭੂਤ ਜਾ ਸਿਰ ਤੇ ਸਵਾਰ ਹੋਇਆ।ਦੋਸਤ ਮੰਡਲੀ ਨੇ ਫੈਸਲਾ ਕੀਤਾ ਕਿ ਮੈਗਜ਼ੀਨ ਕੱਢਣਾ।ਖਾਲੀ ਹੱਥ ,ਬਿਨ੍ਹਾਂ ਕਿਸੇ ਵਿਉਂਤਬੰਦੀ ਦੇ ਫੈਸਲਾ ਕਰ ਬੈਠੇ।ਨਾ ਕੋਈ ਮੈਟਰ, ਨਾ ਕੋਈ ਵਿੱਤੀ ਸਾਧਨ।ਸਾਰੇ ਸਟੂਡੈਂਟ।ਖਾਲੀ ਜੇਬਾਂ।ਗੱਲ ਕੈਂਪ ਇੰਚਾਰਜ ਸਾਹਿਬਾਨ ਕੋਲ ਪੁੱਜੀ।ਮਨਾ ਉਹਨਾਂ ਵੀ ਨਹੀਂ ਕੀਤਾ।ਮਾਇਆ ਆਫਰ ਕੀਤੀ।ਪਤਾ ਨਹੀਂ ਕੀ ਸੋਚ ਕੇ ਪ੍ਰਵਾਨ ਨਹੀਂ ਕੀਤੀ। ਚੱਲੋ ਜੀ ਘੋੜੇ ਦੌੜਨ ਲੱਗੇ।ਪਿਛਲੇ ਦਿਨਾਂ ਦੀਆਂ ਕੁੱਝ ਤਸਵੀਰਾਂ ਇੱਧਰੋ-ਉਧਰੋਂ ਇੱਕਠੀਆਂ ਕੀਤੀਆਂ। ਹਾਸੀ-ਮਜ਼ਾਕ ਵਾਲੀ ਗੱਲਾਂ ਤੇ ਮਿਰਚ-ਮਸਾਲਾ ਲਾ ਕੇ ਅਜਿਹਾ ਤੜਕੇ ਲਾਇਆ ,ਇੱਕ ਸਫਾ ਇਸ ਤਰਾਂ ਤਿਆਰ ਹੋ ਗਿਆ।ਗਤੀਵਿਧੀਆਂ ਨੂੰ ਥਾਂ ਦਿੱਤੀ।ਚਾਰ-ਪੰਜ ਸਖ਼ਸੀਅਤਾਂ ਤੋਂ ਸੰਦੇਸ਼ ਪ੍ਰਾਪਤ ਕਰਨ ਦੀ ਡਿਊਟੀ ਲੱਗ ਗਈ। ਕਾਲਜ ਦਾ ਇੱਕ ਵਿਦਿਆਰਥੀ ਕਾਰਟੂਨ ਸੋਹਣੇ ਬਣਾ ਲੈਂਦੇ ਸੀ,ਉਹ ਵੀ ਟੀਮ ਚ ਸਾਮਲ ਕਰ ਲਿਆ। ਇੰਝ ਕਰਦੇ-ਕਰਦੇ ਮੈਟਰ ਦਾ ਕਾਫੀ ਵੱਡ ਅਕਾਰੀ ਖਾਕਾ ਤਿਆਰ ਹੋ ਗਿਆ। ਮੈਟਰ ਟਾਈਪ ਕਰਨ ਲਈ ਨਜ਼ਰ ਦੁੜਾਈ।ਪਹਿਲਾ ਤੇ ਆਖਰੀ ਗੁਣੀਆ ਮਧੂ ਤੇ ਪਿਆ।ਮਧੂ ਭੂਸ਼ਣ ਵਰਮਾ ਵੀ ਸਾਡੇ ਵਰਗਾ।ਕੋਈ ਨਾ ਨੁਕਰ ਨਹੀਂ।ਬੱਸ ਐਨੇ ਹੀ ਕਿਹਾ ਐਨੇ ਕੁ ਵਜੇ ਆ ਕੇ ਲੈ ਜਾਣਾ ।ਤਿਆਰ ਮਿਲੂ।ਚੱਲੋ ਇਹ ਵੈਤਰਨੀ ਵੀ ਪਾਰ ਹੋ ਗਈ। ਗੱਲ ਖਰੜੇ ਤੋਂ ਲੋੜੀਦੀਆਂ ਕਾਪੀਆਂ ਤੇ ਆ ਗਈ।ਉਦੋਂ ਤੱਕ ਸਾਰੇ ਫੋਟੋ ਸਟੇਟ ਵਾਲੇ ਕੰਮ ਵਿਧਾ ਕੇ ਆਪਣੇ-ਆਪਣੇ ਘਰਾਂ ਨੂੰ ਰੁਖ਼ਸਤ ਹੋ ਚੁੱਕੇ ਸਨ। ਫੇਰ ਚੋਣ ਤੇ ਗੱਲ ਆ ਗਈ।ਘਰੋਂ ਕਿਸ ਨੂੰ ਚੁੱਕਿਆ ਜਾਵੇ।ਪਰਚੀ ਹਰਵਿੰਦਰ ਬਾਈ ,ਜਗੇ ਵਾਲੇ ਦੇ ਨਾਮ ਦੀ ਨਿਕਲੀ।ਸਾਈਕਲ ਉਸ ਦੇ ਪਿੰਡ ਨੂੰ ਦੁੜਾ ਦਿੱਤੇ।ਅੱਗੋਂ ਉਹ ਦਿਲ ਦਰਿਆ ਬੰਦਾ ਕਹਿੰਦਾ," ਆ ਚੱਕੋ ਚਾਬੀ ਤੇ ਫੋਟੋਸਟੇਟ ਆਪੇ ਕਰ ਲਵੋ।ਮੁੜਦਿਆਂ ਨੂੰ ਕਾਫੀ ਹਨੇਰਾ ਹੋ ਗਿਆ। ਅਸੀਂ ਧੂਫ ਆਦਿ ਲਾ ਕੇ ਰੱਬ ਨੂੰ ਧਿਆ ਕੇ ਕੰਮ ਸੁਰੂ ਕਰ ਦਿੱਤਾ।ਸਾਰੇ ਅਣਜਾਨ।ਕੰਮ ਦੇ ਕਾਗਜ਼ਾਂ ਨਾਲੋ ਰੱਦੀ ਦਾ ਢੇਰ ਵੱਡਾ।

ਰਾਤ ਨੂੰ ਸਟੈਪਲ ਆਦਿ ਦਾ ਕੰਮ ਨਿਬੇੜ ਕੇ ਇੱਕ ਦੋ ਕਾਪੀਆਂ ਦਾ ਚੰਗਾ ਮੂੰਹ ਮੱਥਾ ਸੁਵਾਰ ਕੇ ਪੈਕ ਕੀਤਾ ਤੇ ਸਾਡਾ ਪਹਿਲਾ ਮੈਗਜ਼ੀਨ ,"ਯੁਵਾ ਪੀੜੀ" ਧੂਮ ਧੜੱਕੇ ਨਾਲ ਲੋਕ ਅਰਪਣ ਹੋ ਗਿਆ। ਫੋਟੋਸਟੇਟ ਤੋਂ ਬਿਨ੍ਹਾਂ ਕਿਸੇ ਨੇ ਭੇਟਾ ਨਹੀਂ ਲਈ।ਜਦੋਂ ਉਸ ਦੀ ਵਾਰੀ ਆਈ ,"ਕਹਿੰਦਾ ਕੰਮ ਦੇ ਪੈਸੇ ਮਾਫ਼ ,ਪਰ ਆ ਜਿਹੜੇ ਪੇਜ ਖਰਾਬ ਕੀਤੇ ਆ ਉਸ ਦੇ ਪੈਸੇ ਦਿਉ।ਹਾਸੀਆਂ ਖੇਡੀਆਂ।"



**ਫਲੇਲ ਸਿੰਘ ਸਿੱਧੂ**

# ਸ਼ੁਭ ਸਵੇਰ ਦੋਸਤੋ,

ਜੋ ਬੀਤ ਗਿਆ ਜਾਂ ਲੰਘ ਗਿਆ ਉਸ ਨੂੰ ਵਾਪਸ ਨਹੀਂ ਮੋੜਿਆ ਜਾ ਸਕਦਾ, ਸ਼ਾਇਦ ਸਿਆਣਿਆਂ ਨੇ ਤਾਂਹੀ ਕਿਹਾ ਕਿ... 'ਲੰਘ ਚੁੱਕੇ ਦਰਿਆਵਾਂ ਦੀ ਸੁੱਕੀ ਰੇਤ 'ਤੇ ਬਹਿ ਕੇ ਕੀਤੀ ਬਹਿਸਬਾਜ਼ੀ ਨਾਲ, ਡੂੰਘੇ ਪਾਣੀਆਂ ਵਿੱਚ ਤਾਰੀਆਂ ਲਾਉਣ ਦਾ ਕਮਾਲ ਹੁਨਰ ਨਹੀਂ ਸਿੱਖਿਆ ਜਾ ਸਕਦਾ'!

ਜਿਹੜਾ ਸਮਾਜ, ਪਰਿਵਾਰ ਜਾਂ ਖ਼ਾਨਦਾਨ ਆਪਣੇ ਫਰਜ਼ੰਦਾਂ ਨੂੰ ਵਰਤਮਾਨ ਵਿੱਚ ਖਿਮਾ ਮੰਗਣ ਅਤੇ ਮੁਆਫ਼ ਕਰਨ ਦੀ ਕਲਾ ਸਿਖਾਉਂਦਾ, ਉਨ੍ਹਾਂ ਘਰਾਣਿਆਂ ਵਿੱਚ ਵਿਦਵਾਨਾਂ ਦੇ ਪੈਦਾ ਹੋਣ ਦੀ ਉਮੀਦ ਹੋਰਨਾਂ ਨਾਲੋਂ ਵਧੇਰੇ ਹੁੰਦੀ ਹੈ।

ਵਿਸ਼ਾਲ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਸੰਸਾਰ ਦੇ ਧਰਮਾਂ ਦਾ ਉਦੇਸ਼ ਮਨੁੱਖ ਨੂੰ ਪ੍ਰਸੰਨ ਕਰਨਾ ਹੈ। ਪਰ ਅਫ਼ਸੋਸ ਹੈ ਕਿ ਧਰਮ ਦੀ ਸ਼ਰਨ ਵਿੱਚ ਜਾਂਦੇ ਅਕਸਰ ਉਦੋਂ ਹਾਂ, ਜਦੋਂ ਅਸੀਂ ਆਪਣੀ ਸਿਰਜੀ ਉਦਾਸੀ ਵਿਚ ਗੋਤੇ ਖਾਣ ਲੱਗ ਜਾਂਦੇ ਹਾਂ।

ਹੈਰਾਨੀ ਦੀ ਹੱਦ ਹੈ ਕਿ ਹੁਣ ਤਾਂ ਸਾਡੀ ਕੌਮ ਸਰਵੰਸ਼ ਦਾਨੀ ਦੇ ਦਰ ਤੇ ਜਾ ਕੇ ਸਿਰਫ਼ ਧਨ ਦੌਲਤ, ਕੋਠੀਆਂ, ਕਾਰਾਂ ਤੇ ਜਾਇਦਾਦਾਂ ਦੀ ਮੰਗ ਕਰਦੀ ਅਤੇ ਅਰਦਾਸ ਬੇਨਤੀ ਵੀ ਬੇਹੱਦ ਕਾਹਲੀ ਨਾਲ ਕੀਤੀ ਜਾਂਦੀ ਹੈ। ਸਾਡਾ ਕਹਿਣੀ ਤੇ ਕਰਨੀ ਦੇ ਪੂਰੇ ਹੋਣਾ ਤਾਂ ਬਹੁਤ ਦੂਰ ਦੀਆਂ ਗੱਲਾਂ ਹਨ।

ਦਿਖਾਵੇ ਦੀ ਦੌੜ ਵਿੱਚ ਅਸੀਂ ਭੁੱਲ ਹੀ ਗਏ ਕਿ... 'ਜਦੋਂ ਅਨੰਦਪੁਰ ਸਾਹਿਬ ਵਿਖੇ ਹੋਏ ਵਿਸ਼ਾਲ ਇਕੱਠ ਵਿੱਚੋਂ ਗੁਰੂ ਜੀ ਨੇ ਸ਼ੀਸ਼ ਮੰਗੇ ਸਨ ਤਾਂ ਲੱਖਾਂ ਮੋਢਿਆਂ, ਗੋਡਿਆਂ ਅਤੇ ਢਿੱਡਾਂ ਵਾਲਿਆਂ ਵਿੱਚੋਂ 'ਸਿਰ' ਕੇਵਲ ਪੰਜਾ ਕੋਲ ਸਨ, ਉਨ੍ਹਾਂ ਕੋਲ ਆਪਣੀ ਮੌਤ ਰਾਹੀਂ




ਸਦੀਵੀਂ ਜੀਵਨ ਦੇਖਣ ਦਾ ਕਮਾਲ ਜਜ਼ਬਾ ਸੀ'! ਉਦੋਂ ਗੁਰੂ ਦੇ ਸਿੰਘ, ਅੰਮ੍ਰਿਤ ਛੱਕ ਕੇ ਬਹਾਦਰ ਨਹੀਂ ਸਨ ਬਣ ਜਾਂਦੇ, ਉਦੋਂ ਅੰਮ੍ਰਿਤ ਅਸਲ ਵਿੱਚ ਛੱਕਦੇ ਹੀ ਉੱਚੇ-ਸੁੱਚੇ ਕਿਰਦਾਰਾਂ ਵਾਲੇ ਮਹਾਨ ਲੋਕ ਸਨ। ਹੁਣ ਤਾਂ ਖੇਡ ਹੀ ਬਣ ਗਈ, ਰੋਜ਼ਾਨਾ ਵੱਡੇ-ਵੱਡੇ ਅੰਕੜਿਆਂ ਦੀ ਗਿਣਤੀ ਆਉਂਦੀ ਹੈ। ਧਰਮ ਕੋਈ ਵੀ ਹੋਵੇ ਉਸ ਨੂੰ ਬਦਨਾਮ ਅਤੇ ਕਮਜ਼ੋਰ ਉਸ ਦੇ ਕੱਟੜ ਸ਼ਰਧਾਲੂ ਹੀ ਕਰਦੇ ਹਨ।

ਕਿਸੇ ਕੌਮ ਦੀ ਅਸਲੀਅਤ ਵੇਖਣੀ ਹੋਵੇ ਤਾਂ, ਉਸ ਸਮੇਂ ਉਨ੍ਹਾਂ ਦਾ ਵਿਹਾਰ ਵੇਖੋ, ਜਦੋਂ ਕੁਝ ਮੁਫ਼ਤ ਵਿੱਚ ਵੰਡਿਆ ਜਾ ਰਿਹਾ ਹੋਵੇ, ਅਸੀਂ ਤਾਂ ਹੁਣ ਪਕੌੜਿਆਂ ਨੂੰ ਟੁੱਟ ਕੇ ਪੈ ਜਾਂਦੇ ਹਾਂ, ਸਿਦਕ ਡੋਲ ਜਾਂਦਾ ਹੈ, ਬੇੜਾ ਤਾਂ ਗਰਕ ਹੋਣਾ ਹੀ ਹੈ। ਗੁਰੂ ਜੀ, ਤੇਰੀ ਗੈਰਤਮੰਦ ਕੌਮ ਹੁਣ ਆਟੇ-ਦਾਲ ਵਰਗੀਆਂ ਸਕੀਮਾਂ ਦੀ ਆਦੀ ਹੋ ਗਈ ਹੈ। ਮੁਫ਼ਤ ਦੀ ਮੰਗ ਲਈ ਸੰਘਰਸ਼ ਵਿੱਢੇ ਜਾਂਦੇ ਹਨ। ਸਰਪੰਚਾਂ ਦੇ ਘਰਾਂ ਅੱਗੇ ਲੱਗੀਆਂ ਲੰਮੀਆਂ ਕਤਾਰਾਂ ਵਿੱਚ, ਸਰਦੇ-ਵਰਦੇ ਕਣਕ ਲਈ ਭਿਖਾਰੀ ਬਣੇ ਖੜ੍ਹੇ ਵੇਖ ਕੇ ਮੈਨੂੰ ਤਾਂ ਬਹੁਤ ਸ਼ਰਮ ਆਉਂਦੀ ਹੈ, ਪਰ ਓਹ ਪਤੰਤਰ...।

**ਹਰਫੂਲ ਸਿੰਘ ਭੁੱਲਰ**
**ਮੰਡੀ ਕਲਾਂ**
**9876870157**

# ਕੌੜੇ ਬੋਲ ਨਾਂ ਬੋਲੀਏ


ਤਾਰੇ ਦੇ ਤਿੰਨੇ ਪੁੱਤ - ਨੂੰਹਾਂ ਨੇੜਲੀ ਰਿਸ਼ਤੇਦਾਰੀ ਦੇ ਵਿਆਹ ਤੋਂ ਦੇਰ ਰਾਤ ਘਰ ਮੁੜੇ ਤਾਂ ਉਸਨੇ ਡਰਦਿਆਂ ਡਰਦਿਆਂ ਕਿਹਾ, "ਓ ਭਾਈ, ਆਪ ਤਾਂ ਤੁਸੀ ਵਿਆਹ ਦੇਖ ਆਏ ਤੇ ਖਾ ਪੀ ਵੀ ਆਏ, ਮੈਂ ਸਵੇਰ ਦਾ ਭੁੱਖਣ ਭਾਣਾ ਬੈਠਾ, ਮੇਰੇ ਜੋਗੀਆਂ ਚਾਰ ਰੋਟੀਆਂ ਹੀ ਲਾਹ ਦੋ, ਮੈਂ ਖਾ ਕੇ ਦਵਾਈ ਲੈ ਲਵਾਂ।"

ਤਾਰੇ ਦੀ ਗੱਲ ਸੁਣਦਿਆਂ ਹੀ ਵੱਡੀ ਨੂੰਹ ਉਸਨੂੰ ਅਬਾ ਤਬਾ ਬੋਲਣ ਲੱਗੀ, "ਤੂੰ ਸਾਡੀ ਜਾਨ ਨੂੰ ਸਿਆਪਾ ਪਾਈ ਰੱਖੀਂ, ਥੱਕ ਹਾਰ ਕੇ ਆਓ ਤਾਂ ਵੀ ਚੁੱਲੇ ਡਹਿ ਜਾਵੋ, ਤੇਰੇ ਮੰਨ ਪਕੌਣ ਨੂੰ, ਪਤਾ ਨੀਂ ਤੂੰ ਕਦੋਂ ਮਗਰੋਂ ਲਹਿਣਾ....।"ਹੋਰ ਕਿੰਨਾ ਕੁਸ਼ ਬੁੜ੍ਹ ਬੁੜ੍ਹ ਕਰਦੀ ਨੇ ਰੋਟੀ ਤਾਂ ਪਕਾ ਤੀ ਪਰ ਜਦੋਂ ਤਾਰਾ ਖਾਣ ਬੈਠਾ ਤਾਂ ਬੁਰਕੀ ਉਹਦੇ ਸੰਘ ਤੋਂ ਅੰਦਰ ਨਾਂ ਜਾਵੇ, ਉਸਨੂੰ ਆਪਣੀ ਨੂੰਹ ਦੇ ਬੋਲੇ ਅਪਸ਼ਬਦ ਤੀਰ ਵਾਂਗੂ ਚੁਭੇ ਤੇ ਉਹਦੀਆਂ ਅੱਖਾਂ ਵਿੱਚ ਅਪਮੁਹਾਰੇ ਹੰਝੂ ਆ ਗਏ।

ਸੋਚਾਂ ਵਿੱਚ ਡੁੱਬੇ ਤਾਰੇ ਨੂੰ ਹੁਣ ਆਪਣੀ ਘਰਵਾਲੀ ਬੰਤੀ ਦੇ ਇਹ ਬੋਲ ਕੰਨੀ ਗੂੰਜਣ ਲੱਗੇ,"ਸਿਰ ਦਿਆ ਸਾਈਆਂ, ਤੇਰੇ ਬੋਲੇ ਕੌੜੇ ਕੁਸੈਲੇ ਬੋਲਾਂ ਨੂੰ , ਤੇਰੀਆਂ ਕੱਢੀਆਂ ਗਾਹਲਾਂ ਨੂੰ , ਮੈਂ ਚੁੱਪ ਕਰਕੇ ਸੁਣ ਲੈਂਨੀ ਆਂ ਤੇ ਅੰਦਰੋਂ ਅੰਦਰੀ ਦੁੱਖ ਪੀ ਲੈਂਨੀ ਆਂ... ਤੇਰੇ ਲੜ ਲੱਗੀ ਆਂ... ਮਾਪਿਓ ਬਾਹਰੀ ਹੁਣ ਕੀ ਰੋਸਾ ਕਰਾਂ ਤੇ ਕਿੱਥੇ ਜਾਵਾਂ? ਆਹ ਮਾੜੇ ਬੋਲ ਬੋਲਣੇ ਸੌਖੇ ਆ ਪਰ ਸਹਿਣੇ ਬੜੇ ਔਖੇ ਆ... ਮਾੜੇ ਬੋਲ ਨਾਂ ਬੋਲੀਏ ਕਰਤਾਰੋਂ ਡਰੀਏ।"

ਅੱਜ ਤਾਰੇ ਨੂੰ ਖ਼ੁਦ ਜਦੋਂ ਨੂੰਹ ਤੋਂ ਅਪਸ਼ਬਦ ਸੁਣਨੇ ਪਏ ਤਾਂ ਉਸਨੂੰ ਲੱਗਿਆ ਕਿ ਉਹ ਤਾਂ ਆਪਣੀ ਬੰਤੀ ਨੂੰ ਨਿੱਤ ਤੜਫਾਉਂਦਾ ਰਿਹਾ। ਸੱਚ ਹੀਂ ਕਿਹਾ ਸਿਆਣਿਆਂ ਨੇ ਕਿ ਤਲਵਾਰ ਦੇ ਫੱਟ ਤਾਂ ਭਰ ਜਾਂਦੇ ਨੇ ਪਰ ਜ਼ੁਬਾਨ ਦੇ ਦਿਲ ਚੀਰਵੇਂ ਅਪਸ਼ਬਦਾਂ ਵਾਲੇ ਫੱਟ ਕਦੇ ਨੀਂ ਭਰਦੇ। ਕਿਸੇ ਨੂੰ ਕੌੜੇ ਬੋਲ ਨਾਂ ਬੋਲੀਏ, ਮੂੰਹੋਂ ਕੱਢਣ ਤੋਂ ਪਹਿਲਾਂ ਤੋਲੀਏ ਤੇ ਫੇਰ ਹੀ ਕੁੱਝ ਬੋਲੀਏ।

ਹੁਣ ਤਾਰਾ ਮਨ ਹੀ ਮਨ ਸਵਰਗਵਾਸੀ ਬੰਤੀ ਤੋਂ ਮਾਫੀਆਂ ਮੰਗ ਰਿਹਾ ਸੀ।



**ਬੀਨਾ ਬਾਵਾ,**
**ਲੁਧਿਆਣਾ**
**(ਐੱਮ ਏ ਆਨਰਜ਼, ਐੱਮ ਫ਼ਿਲ ਪੰਜਾਬੀ )**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com